ਪ੍ਰੇਮ ਸਤਿਕਾਰਯੋਗ ਮੁਖੀ 'ਸ਼੍ਰੋਮਣੀ ਸਿਖ ਕੌਂਸਲ ਇੰਟਰਨੈਸ਼ਨਲ' ਅਤੇ ਸੰਪਾਦਕ 'ਆਵਾਜ਼-ਏ-ਖਾਲਸਾ', ਗੁਰਸਿਖ ਵੀਰ ਭਾਈ ਨਰਾਇਣ ਸਿੰਘ ਜੀਉ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਭਾਗ ਪਹਿਲਾ:
ਵੀਰ ਜੀਉ, ਆਪਜੀ ਨਾਲ ਪਹਿਲੀ ਵਾਰ ਕੁਝ ਵਿਸਥਾਰ ਵਿਚ ਵਿਚਾਰ ਸਾਂਝੇ ਹੋਏ, ਬਹੁਤ ਹੀ ਮਨ ਨੂੰ ਖੁਸ਼ੀ ਹੋਈ ਕਿ ਆਪਜੀ ਵਲੋਂ ਅਸਾਂ ਆਪਣੇ ਲਾਲੋਕੇ ਭਾਈਆਂ ਨੂੰ ਹੁਣ ਤੱਕ ਵਿਸਾਰਿਆ ਨਹੀਂ, ਸਗੋਂ ਯਾਦ ਰੱਖਿਆ ਹੈ। ਜਿਨਾਂ ਵਲੋਂ ਦਾਸ ਨੂੰ 'ਅਵਾਜ-ਏ-ਖਾਲਸਾ ' ਭੇਜਿਆ ਜਾਂਦਾ ਸੀ ਉਨਾਂ ਵਲੋਂ ਆਖਰੀ ਅੰਕ ਅਗਸਤ ਭੇਜਿਆ ਗਿਆ ਸੀ। ਉਨਾਂ ਨੂੰ ਉਦੋਂ ਹੀ ਉਚੇਚੇ ਤੌਰ ਤੇ ਸਨੇਹਾ ਭਜਵਾ ਦਿੱਤਾ ਸੀ ਕਿ ਉਹ ਸਾਨੂੰ ਅਗਲੇ ਅੰਕ ਵੀ ਹਰ ਹਾਲਤ ਭੇਜਦੇ ਰਹਿਣ। ਪਰ ਸਾਡੇ ਕੋਲ ਆਖਰੀ ਅੰਕ ਅਗਸਤ ਹੀ ਮਿਲਿਆ ਰਿਹਾ।
ਵੀਰ ਜੀ ਨਾ ਆਪਜੀ ਦੇ ਘਰ ਦਾ ਨੰਬਰ ਦਾਸ ਨੂੰ ਹੀ ਪਤਾ ਹੈ ਅਤੇ ਨਾ ਰਾਮ ਪਾਲ ਸਿੰਘ ਨੂੰ ਹੀ ਪਤਾ ਹੈ। ਇਸ ਲਈ ਅਸਾਂ ਦੋਹਾਂ ਵਲੋਂ ਆਪਜੀ ਨੂੰ ਆਪਜੀ ਦੇ ਘਰ ਵਾਲੇ ਫੋਨ ਉਤੇ ਕੋਈ ਕਾਲ ਨਹੀ ਕੀਤੀ ਗਈ।
ਵੀਰ ਜੀ ਪਹਿਲੋਂ ਹੀ ਇਕ ਖਤ ਵਿਚ ਕੀਤੀ ਹੋਈ ਬੇਨਤੀ ਫਿਰ ਦੁਹਰਾ ਰਹੇ ਹਾਂ ਕਿ ਅਗਰ ਆਪਜੀ ਇਜਾਜਤ ਦੇਂਦੇ ਹੋ ਅਤੇ ਆਪਜੀ ਬੈਬ ਸਾਇਡ ਤੇ ਗੁਰਸਿਖ ਕਾਫਲੇ ਦੀਆਂ ਲਿਖਤਾਂ ਗੁਰਬਾਣੀ ਲਿਪੀ ਵਿਚ ਆਪ ਹੱਥੀਂ ਕੁਨਵਰਟ ਕਰਕੇ ਔਨ ਲਾਇਨ ਕਰਨਾ ਚਾਹੁੰਦੇ ਹੋ ਤਾਂ ਅਸੀਂ ਲਾਲੋਕੇ ਅਮੀਰ ਨਾ ਹੈ ਨਾ ਹੋ ਸਕਦੇ ਹਾਂ, ਪਰ ਅਨੰਦਪੁਰ ਲਿੱਪੀ ਨੂੰ ਆਪਜੀ ਦੀ ਮਨਭਾਈ ਲਿਪੀ ਵਿਚ ਕਰਨ ਵਾਲਾ ਕਨਵਰਟਰ ਲੈਕੇ ਆਪਜੀ ਨੂੰ ਜਰੂਰ ਪਹੁੰਚਦਾ ਕਰ ਸਕਦੇ ਹਾਂ। ਜੇ ਇਜਾਜਤ ਹੈ ਤਾਂ?
ਆਪਜੀ ਦੇ ਕਹੇ ਮੁਤਾਬਕ ਜਰੂਰੀ ਲਿਖਤਾਂ ਗੁਰਬਾਣੀ ਲਿਪੀ ਵਿਚ ਕਨਵਰਟ ਕਰਵਾ ਕੇ ਆਪਜੀ ਨੂੰ ਭੇਜੀਆਂ ਜਾ ਚੁੱਕੀਆਂ ਹਨ। ਇਹ ਹਨ: Punarjnm Panth Wars v, TobakhsS, gursikhjioab, SukhbirtSUa, To World Asikh Convention, AlannamaV2010
ਵੀਰ ਜੀ ਇਨਾਂ ਵਿਚੋਂ ਦੋ AlannamaV2010, To World Asikh Convention ਖਤ ਮੇਡੀਆ ਪੰਜਾਬ ਉਤੇ ਲੇਖਕਾਂ ਦੀਆਂ ਰਚਨਾਵਾਂ ਥੱਲੇ ਔਨ ਲਾਇਨ ਹਨ ਗੁਰਬਾਣੀ ਲਿਪੀ ਵਿਚ ਕਨਵਰਟਰ ਹੋਏ। ਇਹ ਲੈ ਲਏ ਜਾਣ ਨਾਲ ਅੱਖਰਾਂ ਦਾ ਕਿਤੇ ਬਦਲ ਨਹੀਂ ਹੋਵੇਗਾ। ਜਿਸ ਨਾਲ ਕੋਈ ਤਕਨੀਕੀ ਮੁਸ਼ਕਲ ਜਾਂ ਗਲਤੀ ਦੇ ਅਸਾਰ ਖਤਮ ਨੇ। ਬਾਕੀ ਨੂੰ ਔਨ ਲਾਇਨ ਕਰਨ ਤੋਂ ਪਹਿਲੇ ਚੈਕ ਕਰ ਲਿਆ ਜਾਵੇ ਕਿ ਜਿਥੇ ਅੰਗਰੇਜੀ ਅੱਖਰ ਰਹਿਣੇ ਜਰੂਰੀ, ਕੀ ਉਹ ਵੀ ਗੁਰਬਾਣੀ ਲਿਪੀ ਵਿਚ ਤਾਂ ਨਹੀਂ ਹੋ ਗਏ? ਜਿਵੇਂ ਜਰਮਨ ਭਾਸ਼ਾ ਵਿਚ ਜਾਂ ਅਖੀਰ ਤੇ ਸਰਨਾਵਾਂ ਜਾਂ ਗੁਰਬਾਣੀ ਉਦਾਹਰਣ ਪੰਨੇ। ਇਹ ਲਿਖਤਾਂ ਕਨਵਰਟ ਕਰਨ ਵਾਲੇ ਵੀਰ ਨੂੰ ਉਸ ਦਾ ਬਣਦਾ ਮਿਹਨਤਾਨਾ ਅਦਾ ਕਰ ਦਿਤਾ ਹੈ ਭਾਵੇਂ ਕਿ ਰਹਿਣ ਦਿਉ, ਜਬਾਬ ਹੈ। SukhbirtSUa ਖਤ ਪੰਜਾਬ ਸਪੈਕਟਰਮ- ਪਾਠਕਾਂ ਦੇ ਖਤ ਥੱਲੇ ਔਨ ਲਾਇਨ ਹੈ। ਇਹ ਕੁਨਵਰਟ ਹੋਕੇ ਮਿਲਿਆ, ਕੁਝ ਅੱਖਰਾਂ ਦੇ ਬਦਲਾਵੇ ਨਾਲ ਨਾ ਵਰਤ ਹੋਣ ਯੋਗ ਹੈ। ਸਹੀ ਕੁਨਵਰਟ ਵਰਡ ਫਾਇਲ ਨਾਲ ਕਰ ਦਿੱਤੀ ਹੈ। ਕੁਝ ਹੋਰ ਵੀਰਾਂ ਵਲੋਂ ਇਨਾਂ ਲਿਖਤਾਂ ਨੂੰ ਆਪਣੀ ਅਖਬਾਰ ਦੀ ਬੈਬ ਸਾਇਡ ਤੇ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਵੀਰ ਜੀਉ, ਬੜੀ ਖੁਸ਼ੀ ਹੈ ਜੋ ਗੁਰੂ ਆਸਰੇ ਆਪਜੀ ਵਲੋਂ ਗੁਰਸਿਖ ਕਾਫਲੇ ਦੇ ਦਸਤਾਵੇਜ਼ਾਂ ਨੂੰ ਆਪਣੀ ਬੈਬ ਅਖਬਾਰ ਤੇ ਕਰਨ ਨਾਲ, ਗੁਰਸਿਖ ਕਾਫਲੇ ਨੂੰ ਆਪਣੇ ਨਾਲ ਜੋੜਨ ਦਾ ਬਹੁਤ ਵੱਡਾ ਹੌਸਲਾ ਅਫਜਾਈ ਉਦਮ ਕੀਤਾ ਜਾ ਰਿਹਾ ਹੈ। ਇਨਾਂ ਲਿਖਤਾਂ ਨੂੰ ਕੋਈ ਅਖਬਾਰ ਸੰਪਾਦਕ ਜਾਂ ਸਿਖ ਜਥੇਬੰਦੀ ਆਪਣੀ ਬੈਬ ਸਾਇਡ ਤੇ ਇਨਾਂ ਸੁਝਾ ਹਰਫਾਂ ਦੁਆਰਾ ਪਾਠਕਾਂ ਲਈ, ਸੰਗਤ ਲਈ ਔਨ ਲਾਈਨ ਕਰ ਸਕਦੀ ਹੈ। ਇਸ ਸੁਝ, ਵਿਚ ਆਪਜੀ ਕੋਈ ਵੀ ਤਬਦੀਲੀ ਕਰ ਸਕਦੇ ਹੋ। ਭਾਰਤ ਸਰਕਾਰ ਨੂੰ ਭੇਜਣ ਦੇ ਸਬੂਤ ਜੇ ਆਪਜੀ ਕੋਲ ਨਹੀ ਪਹੁੰਚੇ ਤਾਂ ਦੋਬਾਰਾ ਭੇਜ ਸਕਦੇ ਹਾਂ।
**ਸੁਝਾ:** 'ਆਵਾਜ਼-ਏ-ਖਾਲਸਾ' ਦੇ ਪਿਆਰੇ ਪਾਠਕ ਜਨ, ਲੇਖਿਕ ਅਤੇ ਸਮੂਹ ਸਿਖ ਅਤੇ ਸਿਖ ਵਿਦਵਾਨ ਸਦਵਾਉਣ ਵਾਲੇ ਵੀਰ ਜੀਉ,
ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਤੋਂ '**ਤੁਸਾਂ ਵੱਲੋਂ ਧਰੇ ਨੀਂਹ ਪੱਥਰ ਤੇ ਖਾਲਸੇ ਦੇ ਦੇਸ਼ ਦੀ ਉਸਾਰੀ, ਸਾਡੇ ਲਈ ਸਾਡੇ ਗੁਰੂ-ਕਰਤੇ ਦਾ ਹੁਕਮ ਫੁਰਮਾਨ**' ਸਰਲੇਖ ਵਾਲੇ ਐਲਾਨਨਾਮੇ ਦਸਤਾਵੇਜ਼ ਦੁਆਰਾ, ਵਦੇਸ਼ ਦੀ ਧਰਤ ਤੋਂ ਹੋਂਦ ਵਿਚ ਆਏ ਇਕ ਗੁਰਸਿਖ ਕਾਫਲੇ ਵਲੋਂ 'ਆਵਾਜ਼-ਏ-ਖਾਲਸਾ ' ਨੂੰ ਇਕ ਏ ਮੇਲ ਦੀ ਕਾਪੀ ਮਿਲੀ ਹੈ। ਜੋ ਅਸਲ ਵਿਚ ਦੋ

ਐਟਚਮੈਂਟ ਦਸਤਾਵੇਜ਼ਾਂ Punarjnm Panth Wars v – (**ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ**), TobakhsS (ਇਕ ਖਤ) ਸਮੇਤ ਕੁਝ ਸੰਬੋਧਤ ਸਿਖ ਸਖਸ਼ੀਅਤਾਂ ਨੂੰ ਭੇਜੀ ਗਈ ਸੀ। ਫਿਰ ਅਗਾਂਹ ਇਸ ਦੀ ਕਾਪੀ ਨਕਲੀ ਜਥੇਦਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਦਿਲੀ ਸਿਖ ਪ੍ਰਬੰਧਕ ਕਮੇਟੀ ਆਦਿ ਨੂੰ ਭੇਜੀ ਹੋਈ ਸੀ। ਇਸ ਦੀ ਇਕ ਕਾਪੀ, ਇਕ ਹੋਰ ਦਸਤਾਵੇਜ਼ Gursikhjioab (ਇਕ ਜੀ ਆਇਆਂ ਖਤ) ਸਮੇਤ, ਜੋ ਭਾਰਤ ਸਰਕਾਰ ਦੇ ਮੁਖੀ ਡਾ ਮਨਮੋਹਣ ਸਿੰਘ, ਭਾਰਤੀ ਪਾਰਲਮੈਂਟ, ਕਾਂਗਰਸ ਪ੍ਰਧਾਨ ਅਤੇ ਨਹਿਰੂ -ਗਾਂਧੀ ਪ੍ਰਵਾਰ ਦੇ ਮੁਖੀ ਸੋਨੀਆਂ ਗਾਂਧੀ ਨੂੰ ਭੇਜੀ ਗਈ, ਦੀ ਇਹ ਏਮੇਲ ਕਾਪੀ ਹੈ ਜੋ ਉਨਾਂ ਨੂੰ 'ਸ਼੍ਰੋਮਣੀ ਸਿਖ ਕੌਂਸਲ ਇੰਟਰਨੈਸ਼ਨਲ' ਦੇ ਮੁਖੀ ਅਤੇ 'ਆਵਾਜ਼-ਏ-ਖਾਲਸਾ ' ਰਸਾਲੇ ਦੇ ਮੁਖ ਸੰਪਾਦਕ ਹੋਣ ਕਰਕੇ, ਗੁਰਸਿਖ ਕਾਫਲੇ ਵਲੋਂ ਭੇਜੀ ਗਈ, ਮਿਲੀ ਹੈ। 'ਆਵਾਜ਼-ਏ-ਖਾਲਸਾ' ਆਪਜੀ ਪਾਠਕਾਂ ਦੀ ਜਾਣਕਾਰੀ ਲਈ ਇਸ ਏਮੇਲ ਨਾਲ ਅਟੈਚਮੈਂਟ ਸਾਰੇ ਹੀ ਦਸਤਾਵੇਜ਼ਾਂ ਨੂੰ ਇਕ ਵਾਰ ਹੀ ਔਨਲਾਇਨ ਕਰਨ ਦਾ ਉਦਮ ਕਰਦਾ ਹੈ ਅਤੇ ਆਪਜੀ ਸਮੂਹ ਨੂੰ ਬੇਨਤੀ ਕਰਦਾ ਹੈ ਕਿ ਅਗਰ ਇਨਾਂ ਦਸਤਾਵੇਜ਼ਾਂ ਵਿਚ ਕਿਤੇ ਗੁਰਮਤਿ ਸੱਚ ਦੇ ਬਖਿਅਨ ਵਿਚ ਕੋਈ ਕਮੀ, ਕੋਈ ਮਾੜੀ, ਕੋਈ ਝੂਠ, ਕੋਈ ਊਣੀ, ਕੋਈ ਕੱਚੀ, ਲਿਖ ਹੋਈ, ਕਿਸੇ ਨੂੰ ਜਾਪੀ ਹੈ ਤਾਂ ਉਹ ਆਪਣਾ ਲਿਖਤੀ ਦਾਹਵਾ 'ਕਿਉਂ', ਗੁਰੂ ਆਸਰੇ ਹੋ ਚੁੱਕੇ ਵਿਚਾਰ ਲਈ ਇਸ ਇਕ ਮੰਚ 'ਆਵਾਜ਼-ਏ-ਖਾਲਸਾ ' ਨੂੰ ਭੇਜ ਸਕਦਾ ਹੈ। ਜਿਸ ਵਿਚੋਂ ਜੋ ਕਿਸੇ ਦਲੀਲ ਸਹਿਤ, ਸੰਗਤ ਦੀ ਸੱਥ 'ਆਵਾਜ਼-ਏ-ਖਾਲਸਾ' ਤੇ ਔਨਲਾਇਨ ਕੀਤਾ ਜਾਂਦਾ ਰਹੇਗਾ। ਹਾਂ ਅਗਰ ਕੋਈ ਇਹ ਹੀ ਆਪਣੇ ਲਈ ਗੁਰੂ ਵਲੋਂ 'ਮੁੜ ਜੀਵਾਇਆ' ਸੱਚ ਜਾਣੇਂ, ਉਹ ਵੀ ਲਿਖਤੀ, ਇਹ ਹਾਮੀ ਚਾਹੇ, ਭਰ ਸਕਦਾ ਹੈ।

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ (ਪੰਨਾ 953)

ਹਾਂ ਜੀ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ਸਮੇਂ ਦੀ ਸ਼ੁਰੂਆਤ ਗੁਰਮਤਿ ਅਨੁਸਾਰ ਜਰੂਰ ਹੋਣੀਂ ਹੀ ਹੋਣੀਂ ਹੈ। ਆਉ ਮਿਲ ਵਿਚਾਰ ਕਰੀਏ ਕਿ ਕੀ ਕਿਤੇ ਇਹ ਗੁਰਮਤਿ ਸੱਚ ਅਨੁਸਾਰ ਗੁਰੂ ਕਰਤੇ ਦੇ ਹੁਕਮ ਰਜਾ ਉਤੇ ਓੜਕਿ ਸਚਿ ਰਹੀ ਸਮੇਂ ਦੀ ਸੁਭਾਗੀ ਸ਼ੁਰੂਆਤ ਤਾਂ ਨਹੀਂ ਹੋ ਰਹੀ? ਮੁਖ ਸੰਪਾਦਕ 'ਆਵਾਜ਼-ਏ-ਖਾਲਸਾ' - ਨਰਾਇਣ ਸਿੰਘ।

ਅੱਗੇ ਪੜਨ ਲਈ ਕਲਿਕ ਅਤੇ ਇਹ ਦਸਤਾਵੇਜ਼ ਇਸ ਤਰਤੀਬ ਪੜਨ ਲਈ ਔਨ ਲਾਇਨ:
AlannamaV2010, To World Asikh Convention, Punarjnm Panth Wars v, TobakhsS, gursikhjioab.

ਲੋਕਾਂ ਦੀਆਂ ਅਖਬਾਰਾਂ ਤੇ ਜਿਥੇ ਲੇਖਿਕ ਦੀ ਤਸਵੀਰ ਹੈ, ਉਥੇ ਨਾਲ ਕੀਤੀ ਹਰਫ ਗੁਰਸਿਖ ਕਾਫਲਾ ਤਸਵੀਰ ਕਰ ਸਕਦੇ ਹੋ। ਇਸ ਉਤੇ ਜਰਮਨ ਭਾਸ਼ਾ ਵਿਚ ਗੁਰਸਿਖ ਕਾਫਲੇ ਦੇ ਅਰਥ ਵੀ ਹਨ। ਇਹ ਇਕ ਵਾਰ ਫਿਰ ਵਰਡ ਵਿਚ ਨਾਲ ਕਰ ਦਿੱਤਾ ਹੈ। ਪਾਠਕਾਂ ਦੇ ਪੱਤਰਾਂ ਹੇਠ SukhbirtSUa, ਹੋ ਜਾਵੇ।

ਜਿਵੇਂ ਆਪਜੀ ਦਾ ਲਿੰਕ ਗੁਰਸਿਖ ਕਾਫਲੇ ਦੀ ਬੈਬ ਸਾਇਡ ਤੇ ਹੋਣਾਂ ਹੈ ਨਮੂੰਨਾਂ ਨਾਲ ਕਰ ਦਿੱਤਾ ਹੈ। ਕੋਈ ਤਬਦੀਲੀ ਦਾ ਸੁਝਾ ਜਾਂ ਹਾਂ ਮਗਰੋਂ ਆਪਜੀ ਦਾ ਲਿੱਕ, ਗੁਰਸਿਖ ਕਾਫਲੇ ਦੀ ਬੈਬ ਉਤੇ, 'ਪੰਜਾਬ ਸਪੈਕਟਰਮ' ਲਿੰਕ ਦੀ ਤਰਾਂ ਹੋ ਜਾਵੇਗਾ।

**ਭਾਗ ਦੂਜਾ:**

ਹਾਂ ਵੀਰ ਜੀ ਹੁਣ ਆਪਜੀ ਨੂੰ ਸੰਬੋਧਤ ਇਸ ਖਤ ਦੇ ਦੂਜੇ ਭਾਗ, ਫੋਨ ਤੇ ਹੋਏ ਵਿਚਾਰਾਂ ਤੇ ਇਕ ਵਾਰ ਫਿਰ ਆਉਂਦੇ ਹਾਂ। ਦਸਤਾਵੇਜਾਂ ਦੇ ਲੰਬੇ ਹੋਣ ਦਾ ਇਕ ਕਾਰਨ ਬਿਆਨਿਆ ਜਾ ਚੁੱਕਾ ਹੈ ਕਿ ਇਹ ਲਾਲੋਕੇ ਕੋਈ ਅਖਬਾਰਾਂ ਵਿਚ ਬਿਆਨ ਲਿਖਣ ਵਾਲੇ ਨਹੀਂ ਹਨ। ਆਪਣੇ ਪੂਰੇ ਸ਼ਬਦ ਗੁਰੂ ਦੇ 1430 ਪੰਨੇ ਨੇ। ਆਪਾਂ ਆਪਣੇ ਆਦਿ, ਪ੍ਰਥਮ ਸੰਸਾਰ ਤੋਂ ਹੁਣ ਤੱਕ, ਜਿਵੇਂ ਜਿਵੇਂ ਖਸਮ ਦੀ ਬਾਣੀ ਦਾ ਬਖਿਆਨ, ਉਸ ਅਨੁਸਾਰ ਗਿਆਨ ਨੂੰ ਕਲਮਬੰਦ ਕਰਨਾਂ ਹੈ। ਨਮੂੰਨਾਂ '**ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ**' ਆਪਜੀ ਦੇ ਅੱਗੇ ਗੁਰੂ ਆਸਰੇ ਹੋ ਹੀ ਗਿਆ ਹੈ। ਅਗਲੇ ਢਾਈ ਕੁ ਸਾਲਾਂ ਵਿਚ ਨਿਬੜਨ ਵਾਲੇ ਇਸ ਕਾਰਜ ਦੀ ਹਰਫ ਬਿਆਨੀ ਨੇ ਕਿੰਨਾਂ ਲੰਬਾ ਹੋਣਾਂ ਹੈ, ਗੁਰੂ ਮਹਾਰਾਜ ਹੀ ਜਾਣਦੇ ਹੋ ਸਕਦੇ ਨੇ। ਹਾਂ ਗੁਰੂ ਨੂੰ ਮਨਜੂਰ ਹਰਫ ਉਨੇ ਹੀ ਹੋਣੇਂ ਨੇ ਜਿੰਨੇ ਹੁਣ ਤੱਕ ਕਰਤੇ ਦੇ ਆਪਾਂ ਇਨਸਾਨ ਲਈ ਸੱਚ ਦੀ ਬਿਆਨੀ ਲਈ ਲੋੜੀਂਦੇ ਨੇ। ਨਾ ਵੱਧ, ਨਾ ਘੱਟ। ਸਾਡੇ ਲਈ ਇਹ ਸਾਡੇ ਗੁਰੂ ਦਾ ਹੁਕਮ ਹੈ। ਕੋਈ ਆਪਣੇ ਮਨ ਦਾ ਚਾਅ ਨਹੀਂ ਹੈ। ਵੀਰ ਜੀ ਦੋ ਰੀੜ ਦੇ ਹੱਡੀ ਦੇ ਉਪਰੇਸ਼ਨਾਂ ਮਗਰੋਂ ਤਕਰੀਬਨ ਸੱਤ ਸਾਲ ਲੱਗੇ ਨੇ ਕਿ ਗੁਰੂ ਕਿਰਪਾ ਕੀਤੀ ਹੈ ਕਿ ਵੱਧੋ ਵੱਧ 50 ਕੁ ਮਿੰਟ ਤੱਕ ਦੀ ਇਕ ਬੈਠਕ ਵਿਚ ਗੁਰੂ ਜ਼ਿਮੇ ਕੀਤੇ ਕਾਰਜ ਨੂੰ ਨਬੇੜਿਆ ਜਾਵੇ। ਗੁਰੂ ਮਹਾਰਾਜ ਜਾਂ ਜਿਸ ਤਨ ਤੇ ਮਨ ਲਈ, ਉਹ ਹੀ ਜਾਣਦੇ ਨੇ।

ਹੁਣ ਲੰਬੇ ਦਸਤਾਵੇਜ਼ ਹਨ ਤਾਂ ਇਸ ਲਈ ਕਿ ਇਨਾਂ ਵਿਚ ਕਿਸੇ ਨਾ ਕਿਸੇ ਇਕ ਜਾਂ ਕੁਝ ਗੁਰਮਤਿ ਵਿਸ਼ਿਆਂ ਦੀ ਸ਼ੁਰੂਆਤ ਹੈ ਅਤੇ ਅੰਤ ਗੁਰਬਾਣੀ ਦੇ ਫ਼ੁਰਮਾਨ ਅਨੁਸਾਰ ਫੈਸਲੇ ਨਾਲ ਸ਼ੁਰੂ ਵਿਸ਼ੇ ਜਾਂ ਵਿਸ਼ਿਆਂ ਦੀ ਸਮਾਪਤੀ ਹੈ। ਉਦਾਹਰਣ ਵਜੋਂ ਆਪਜੀ ਖੋਜ ਦੇ ਅਧਾਰ ਉਤੇ ਤੱਥਾਂ ਸਮੇਤ ਆਪਣੀ ਲਿਖਤ ਵਿਚ ਸਿਧ ਕਰਦੇ ਹੋ ਕਿ ਸ਼ਬਦ 'ਸਹਿਜਧਾਰੀ' ਬਿਪਰਨ ਨੇ ਪੰਥ ਵਿਚ ਵਾੜਿਆ ਹੋਇਆ ਹੈ। ਅਸੀਂ ਗੁਰਬਾਣੀ ਅਨੁਸਾਰ ਇਸੇ ਸੱਚ ਨਤੀਜੇ ਤੇ ਪਹੁੰਚਦੇ ਹਾਂ ਅਤੇ ਇਕ ਲਿਖਤ ਵਿਚ ਆਪਜੀ ਦੇ ਵਿਸ਼ੇ 'ਸਹਿਜਧਾਰੀ' ਤੇ ਲਿਖੇ ਦੀ ਪ੍ਰੜਤਾ ਕਰ ਦੇਂਦੇ ਹਾਂ। ਹੁਣ ਇਹ ਗੁਰਬਾਣੀ ਅਨੁਸਾਰ ਮੁਕਰਰ ਸੱਚ ਆਪਾਂ ਲਈ ਅਮਲੀ ਜੀਵਨ ਹੋ ਗਿਆ ਹੈ। ਜਦ ਕਿ ਸਾਕਤ ਨੇ ਆਪਣੇ ਕੋਲ ਗੁਰੂ ਦੇ ਸੱਚ ਫ਼ੁਰਮਾਨ ਨੂੰ ਪਹਿਲੋਂ ਵਾਂਗ ਉਲੱਦੀ, ਆਪਣਾਂ ਮਨ ਭਾਇਆ ਸੱਚ ਮੁਕਕਰ ਕਰੀ ਰੱਖਿਆ ਹੈ। ਇਸੇ ਤਰਾਂ ਵੱਡੀਆਂ ਲਿਖਤਾਂ ਵਿਚ ਸਿਖ ਦੀ ਪ੍ਰਭਾਸ਼ਾ, ਮਰਯਾਦਾ, ਕੌਣ ਪਤਿਤ ਪਾਪੀ, ਕੋਣ ਕਿਵੇਂ ਪਤਿਤ ਤੋਂ ਪਨੀਤ, ਖਾਲਸਾ -ਗੁਰੂ ਦਾ ਰੂਪ ਕਦੋਂ, ਕਿਵੇਂ ਹੁੰਦਾ ਅਤੇ ਗੁਰਮਤਿ ਅਨੁਸਾਰ ਕੀ ਨਾਮ ਜਪ ਹੋਣਾਂ ਹੈ, ਆਦਿ ਵਿਸ਼ੇ ਆਪਜੀ ਨੂੰ ਭੇਜੇ ਹੋਏ ਦਸਤਾਵੇਜਾਂ ਵਿਚ ਗੁਰਬਾਣੀ ਦੇ ਫੈਸਲੇ ਦੁਆਰਾ ਨਬੇੜੇ ਹੋਏ ਨੇ। ਜਿਨਾਂ ਨੂੰ ਅਮਲੀ ਜੀਵਨ ਵਿਚ ਕਰ, ਇਹ ਗੁਰਸਿਖ ਕਾਫਲਾ ਸੰਸਾਰ ਮੰਚ ਉਤੇ ਹੋਇਆ ਹੈ।

ਐ ਅਸਾਂ ਲਾਲੋ ਕਿਆਂ ਚੋਂ, ਹੱਥੀਂ ਸੇਵਾ ਕਰਨ ਵਾਲੇ ਸਾਡੇ ਗੁਰੁ ਦੇ ਪਿਆਰੇ ਵੀਰ, ਇਹ ਲਿਖਤਾਂ ਵੱਡੀਆਂ ਹਨ ਜਾਂ ਸਨ ਤਾਂ ਕਿ ਘੱਟੋ ਘੱਟ ਆਪਾਂ ਗੁਰਸਿਖ ਤਾਂ ਉਨਾਂ ਵਿਸ਼ਿਆਂ ਨੂੰ ਮੁੜ ਆਪਣੀ ਮੱਤ ਨਾਲ ਬਿਆਨਣ ਤਾਂ ਨਾ ਤੁਰੀਏ, ਜਿਨਾਂ ਤੇ ਗੁਰਬਾਣੀ ਦੇ ਅੰਤਮ ਫੈਸਲੇ ਲਈ ਖੋਜ ਕਰਦੇ ਕਰਦੇ, ਗੁਰਮਤਿ ਗੁਰਬਾਣੀ ਫ਼ੁਰਮਾਨ ਫੈਸਲੇ ਦਰਜ ਕਰਨ ਕਰਕੇ, ਲਿਖਤਾਂ ਵੱਡੀਆਂ ਹੋਈਆਂ ਸਨ। ਵੀਰ ਜੀ ਆਪਜੀ ਨੂੰ ਲਿਖੇ ਦੇਰ ਪਹਿਲਾਂ ਖਤ ਵਿਚ ਵਿਸਥਾਰ ਦਰਜ ਕਰਕੇ ਇਸ ਅਟੱਲ ਗੁਰਮਤਿ ਸੱਚ ਨੂੰ ਭਾਵ ਸਿਖ ਧਰਮ ਫਿਲਾਸਫੀ ਨੂੰ ਆਪਜੀ ਨਾਲ ਸਾਂਝਾ ਕੀਤਾ ਜਾ ਚੁੱਕਾ ਹੈ ਕਿ ਸਾਡੇ ਅੱਗੇ ਗਵਾਹ ਸਾਡੇ ਸ਼ਬਦ ਗੁਰੂ ਹਨ, ਗਵਾਹ ਸਾਡਾ ਗੁਰੂ ਇਤਿਹਾਸ ਹੈ, ਗਵਾਹ ਸਾਡੇ ਇਸ ਪੂਰੇ ਸ਼ਬਦ ਗੁਰੂ ਦੇ ਹੁਕਮਾਂ ਨੂੰ ਅਮਲੀ ਜੀਵਨ-ਸਿਖੀ ਕਰ, ਸਿਖ ਸੂਰਿਆਂ ਵਲੋਂ ਸਾਡਾ ਸਿਰਜਿਆ ਸੱਚਾ ਸਿਖ ਇਤਿਹਾਸ ਹੈ ਕਿ ਸਿਖ ਧਰਮ ਫਿਲਾਸਫੀ, ਸਿਖ ਗੁਰਸਿਖ ਖਾਲਸੇ ਦਾ ਜੀਵਨ, ਤੁਸਾਂ ਦੇ ਲਿਖੇ ਆਪਣੇ ਸਵਿਧਾਨ ਅਨੁਸਾਰ, ਕਿਰਤ ਕਰਨੀ, ਵੰਡ ਸ਼ਕਣਾਂ ਅਤੇ ਨਾਮ ਜਪਣ ਤੱਕ ਸੀਮਤ ਨਹੀਂ ਕਰਦੀ ਅਤੇ ਨਾ ਹੀ ਇਥੇ ਤੱਕ ਕਿਸੇ ਜੀਵਨ ਜਾਚ ਕਿਰਦਾਰ ਪ੍ਰਾਣੀ ਨੂੰ ਸਿਖ, ਖਾਲਸਾ ਜਾਂ ਖਾਲਸਾ ਪੰਥ ਐਲਾਨਦੀ ਜਾਂ ਸਵਿਕਾਰ ਕਰਦੀ ਹੈ। ਇਹ ਤਿੰਨ ਗੁਣ ਕਿਰਤ ਕਰਨੀ, ਵੰਡ ਸ਼ਕਣਾਂ ਅਤੇ ਨਾਮ ਜਪਣਾਂ ਇਨਸਾਨੀ ਕਿਰਦਾਰ ਵਿਚ ਕਰਨੇ, ਬਿਪਰਨ ਦੇ, ਬੋਧੀਆਂ ਦੇ, ਯਹੂਦੀਆਂ ਦੇ, ਇਸਾਈਆਂ ਦੇ ਜਾਂ ਕਿਸੇ ਹੋਰ ਧਰਮ ਦੀ ਫਿਲਾਸਫੀ ਅਤੇ ਇਨਾਂ ਧਰਮਾਂ ਨੂੰ ਅਪਣਾਕੇ ਚੱਲਣ ਵਾਲਿਆਂ ਲਈ ਇਨਸਾਨੀ ਜੀਵਨ ਜਾਚ ਕਿਰਦਾਰ ਦੀ ਵਿਆਖਿਆ ਹੈ। ਇਥੇ ਇਸਾਈ ਦੇਸ਼ ਦੇ ਇਸਾਈ ਭਾਈਚਾਰੇ ਨੂੰ ਲੈਂਦੇ ਹਾਂ। ਜਿਨਾਂ ਲਈ ਵੰਡ ਸ਼ਕਣਾਂ ਪ੍ਰਬੰਧ ਸਰਕਾਰਾਂ ਵਲੋਂ ਕੀਤਾ ਹੋਇਆ ਹੈ। ਹਰ ਕਾਮੇਂ ਦੀ ਤਨਖਾਹ ਵਿਚੋਂ ਅਤੇ ਮਾਲਕਾਂ ਦੀ ਆਮਦਨ ਵਿਚੋਂ ਸਰਕਾਰ ਟੈਕਸਾਂ ਦੇ ਰੂਪ ਵਿਚ ਪੈਸਾ ਕਟਦੀ ਹੈ। ਇਸ ਨਾਲ ਦੇਸ਼ ਸਰਕਾਰ ਚਲਾਉਂਦੀ ਹੈ। ਜਿਨਾਂ ਕੋਲ ਰੁਜਗਾਰ ਨਹੀਂ ਉਨਾਂ ਦੀ ਅਰਥਕ ਮੱਦਦ ਕਰਦੀ ਹੈ। ਬਾਕੀਆਂ ਨਾਲ ਇਨਾਂ ਦੀ ਵੀ ਬਰਾਬਰ ਡਾਕਟਰੀ ਸਹਾਇਤਾ ਕਰਦੀ ਹੈ। ਕਰਿਸਚੀਅਨ ਹੋਣ ਨਾਤੇ ਕਾਮੇ ਤੋਂ ਵੱਖਰਾ ਚਰਚ ਕਰ ਵਸੂਲ ਕੇ ਅੱਗੇ ਵੰਡ ਸ਼ਕਣ ਲਈ ਚਰਚ ਨੂੰ ਦਿੱਤਾ ਜਾਂਦਾ ਹੈ। ਜੋ ਇਸ ਵਿਚੋਂ ਆਪਣੀ ਪਾਲਣਾਂ ਪੋਸਣਾਂ ਮਗਰੋਂ ਬਚਿਆ ਲੋੜਵੰਦਾਂ ਨਾਲ ਆਪਣੇ ਆਪਣੇ ਤਰੀਕੇ ਵੰਡਦਾ ਹੈ। ਜਿਨਾਂ ਦਾ ਗੁਰੂ ਈਸਾ ਮਸੀਹ ਜੀ ਕਰਤੇ ਦੇ ਹੁਕਮ ਰਜਾ ਤੇ ਸ਼ਹਾਦਤ ਦਾ ਜਾਮ ਪੀ ਜਾਣ ਵਾਲੇ ਮਹਾਨ ਸ਼ਹੀਦ, ਸੰਤ ਭਗਤ। ਪਰ ਉਸ ਦੇ ਨਾਮ ਤੇ ਧਰਮ ਉਸਾਰਨ ਵਾਲੇ ਆਪਣੇ ਧਰਮ ਨੂੰ ਅਤੇ ਆਪਣੇ ਇਨਸਾਨੀ ਕਿਰਦਾਰ ਨੂੰ ਸ਼ਹਾਦਤ ਨਾਮ ਅਤੇ ਸ਼ਹੀਦ ਕਿਰਦਾਰ ਤੋਂ ਵੱਖ ਕਰਕੇ, ਇਸ ਨੂੰ ਨਿੰਦਣ ਵਾਲੇ, ਭੰਡਣ ਵਾਲੇ ਅਤੇ ਆਪਣੇ ਧਰਮਾਂ ਦੁਆਰਾ ਇਨਸਾਨੀ ਕਿਰਦਾਰ ਵਿਚੋਂ ਅੰਤਮ ਪਰਉਪਕਾਰ ਮਨੁੱਖਤਾ ਲਈ ਸਰੀਰ ਦਾਨ ਨੂੰ ਖਤਮ ਕਰਨ ਵਾਲੇ, ਅਤੇ ਅਹਿੰਸਾ ਪਰਮ ਧਰਮ ਦਾ ਰਾਗ ਅਪਾਲਣ ਵਾਲੇ। ਪਰ ਚੋਰ ਦਰਵਾਜੇ ਆਪੇ ਹੀ ਆਪਣੇ ਧਰਮ ਦੇ ਨੀਅਤ ਅਤੇ ਐਲਾਨੇ ਨਿਯਮ ਨੂੰ ਝੂਠੇ ਸ਼ੈਤਾਨ ਹੋ ਆਪਣੀ ਪਰਜਾ ਤੇ ਦੇਸ਼ ਦੀ ਰੱਖਿਆ ਦੇ ਨਾਮ ਉਤੇ ਆਪਣੀਆਂ ਫੌਜਾਂ ਅਤੇ ਉਨਾਂ ਨੂੰ ਬਿਤ ਅਨੁਸਾਰ ਸਿਖਰ ਜੰਗੀ ਤਕਨੀਕ ਅਤੇ ਸਮਾਨ ਨਾਲ ਲੈਸ ਕਰਨ ਵਾਲੇ ਅਤੇ ਆਪਣੀਆਂ ਫੌਜਾਂ ਨੂੰ ਜੰਗਾਂ ਵਿਚ ਝੋਕ, ਆਪਣੇ ਫੌਜੀਆਂ ਦੇ ਸਰੀਰਾਂ ਦਾ ਬਲੀਦਾਨ ਲੈਣ ਵਾਲੇ। ਜੋ ਆਪਣੀ ਕਮਾਈ ਮਾਇਆ ਵਿਚੋ ਕਿਸੇ ਲੋੜਵੰਦ ਲਈ ਮਾਇਆ ਤਾਂ ਦਾਨ ਕਰ ਸਕਦੇ ਨੇ। ਪਰ ਨਹੀ ਜਾਣਦੇ ਕਿ ਉਨਾਂ ਵਿਚਕਾਰ, ਸਤਿਗੁਰ ਦੇ ਸਿਖ ਸੂਰੇ ਸੰਤ ਭਗਤ ਖਾਲਸੇ ਲਈ ਗੁਰੂ ਦਾ ਪਵਿਤ੍ਰ ਹੁਕਮ, ਅੰਤ ਲੋੜ ਤੇ ਨਿਰਸਵਾਰਥ ਸਰੀਰ ਦਾਨ (ਪਹਿਲੋਂ ਸ਼ਾਂਤਮਈ ਤੇ ਫਿਰ ਰਣ ਤੱਤੇ ਵਿਚ) ਦੁਆਰਾ ਆਪਣੇ ਸਿਰਜਣਹਾਰ ਕਰਤੇ ਦੀ ਸੰਸਾਰ ਉਤੇ ਹੋਂਦ ਅਤੇ ਹਸਤੀ -ਸੱਚ ਨੂੰ ਅਮਰ ਦਰਸਾ ਜਾਣਾਂ, ਸੱਭ ਤੋਂ ਉਪਰ ਮਨੁਖੀ ਸੇਵਾ ਹੈ।

ਹੁਣ ਫਿਰ ਫੋਨ ਉਤੇ ਵੀਰ ਜੀ ਆਪਜੀ ਦੇ ਮੁਖਾਰਬਿੰਦ ਤੋਂ ਉਹ ਹੀ ਮੁੜ ਅਧੂਰਾ ਸੁਣਿਆਂ ਹੈ ਕਿ ਅਖਾਂ ਸਿਖ ਧਰਮ ਫਿਲਾਸਫੀ ਭਾਵ ਸਿਖ ਕਿਰਦਾਰ ਕਿਰਤ ਕਰਨੀ, ਵੰਡ ਸ਼ਕਣਾਂ ਅਤੇ ਨਾਮ ਜਪਣਾਂ ਤੱਕ ਹੈ। ਜਦ ਕਿ ਆਪਜੀ ਦੇ ਫਿਰ ਇਸੇ ਝੂਠ ਨੂੰ ਗੁਰਬਾਣੀ, ਆਪਣੇ ਆਦਿ ਅਤੇ ਸਿਖ ਇਤਿਹਾਸ ਦੀ ਕਸਵੱਟੀ ਤੇ ਸੋਧਕੇ, ਆਪਜੀ ਅੱਗੇ ਲਿਖਤੀ ਰੂਪ ਵਿਚ **'ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ'** ਦਸਤਾਵੇਜ਼ ਦੁਆਰਾ ਦੂਜੀ ਵਾਰ ਵਿਸਥਾਰ ਸਹਿਤ ਕਲਮਬੰਦ ਕਰਵਾਕੇ, ਗੁਰੂ ਵਲੋਂ ਰਖਵਾਇਆ ਗਿਆ ਪਿਆ ਹੈ।

ਕਿਰਤ ਕਰਨੀ ਵੰਡ ਸ਼ਕਣਾਂ ਅਤੇ ਨਾਮ ਜਪਣਾਂ, ਪਰ ਨਾਮ ਜਪਣ ਦਾ ਨਾਮ ਦੀ ਦਾਤ ਪ੍ਰਾਪਤੀ ਤੋਂ ਪਹਿਲਾਂ, ਪਹਿਲਾ ਅੱਜ ਨਾਮ ਜਪਣਾਂ ਮਤਲਬ, ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਕਰਨਾਂ, ਨੂੰ ਠੁਕਰਾਉਣਾਂ, ਕੋਈ ਨਾਮ ਜਪਣਾਂ ਨਹੀਂ ਹੈ। ਨਾਮ ਜਪਣ ਤੱਕ ਦੀ ਇਹ ਵਿਆਖਿਆ ਕਰਨਾਂ, ਸਿਖ ਸਰੂਪ ਵਿਚ ਬਿਪਰਨ ਦੀ ਸ਼ੈਤਾਨ ਪਾਂਡੀ ਝੂਠੀ ਔਲਾਦ ਵਲੋਂ ਅਗਧ ਪੜਨਾਂ ਹੈ। ਇਹ ਹੈ ਬਿਪਰਨ ਵਲੋਂ ਸਿਖ ਸਰੂਪ ਵਿਚ ਆਪਣੀ ਔਲਾਦ ਦੇ ਮੂੰਹੋਂ ਆਪਣੀ ਅਤੇ ਆਪਣੀ ਸੰਸਾਰ ਔਲਾਦ ਨੂੰ ਅਹਿੰਸਾ ਦਾ ਰਾਗ ਅਲਾਪਣ ਲਾਇਆ ਹੋਣਾਂ, ਜੋ ਖੁਦ ਦੂਜੇ ਪਾਸੇ ਆਪੇ ਹਿੰਸਾ ਲਈ ਅਤੇ ਹਿੰਸਾ ਦੇ ਮੁਕਾਬਲੇ ਦੇ ਨਾਮ ਉਤੇ ਆਪਣੀਆਂ ਫੌਜਾਂ ਨੂੰ ਐਟਮੀ ਹਥਿਅਰਾਂ ਤੱਕ ਨਾਲ ਲੈਸ ਕਰੀ ਬੈਠੇ ਨੇ। ਬਿਪਰਨ ਨੇ ਸਿਖ ਦੀ ਰਹਿਤ ਮਰਯਾਦਾ ਨੂੰ ਨਾਮ ਜਪਣ ਤੱਕ ਸੀਮਤ ਕਰਕੇ ਸਿਖ ਧਰਮ ਫਿਲਾਸਫੀ ਅਤੇ ਸਿਖ ਸਰੂਪ ਇਨਸਾਨ ਨੂੰ ਹੀ ਆਪਣੇ ਧਰਮ ਦੇ, ਜੇ ਲੋੜ ਤਾਂ ਸੂਰੇ ਹੋ ਸਿਰ ਦਾਨ, ਮਨੁਖਤਾ ਦੀ ਸਿਖਰ ਸੇਵਾ ਦੇ ਪਵਿਤ੍ਰ ਸਿਧਾਂਤ ਦੇ ਖਿਲਾਫ ਖੜਾ ਕਰਕੇ, ਉਸ ਨੂੰ ਕਿਰਦਾਰੋਂ ਦੁਨਿਆਵੀ ਸੁਖਾਂ ਨੂੰ ਪਹਿਲ ਦੇਣ ਵਾਲਾ ਖੁਦਗਰਜ, ਕਾਇਰ ਕਿਰਦਾਰ ਇਨਸਾਨ ਕਰਨਾਂ ਸੀ।

ਵੀਰ ਜੀ ਤੁਸਾਂ ਦੇ ਮੁਖਾਰਬਿੰਦ ਤੋਂ ਗੁਰਮਤਿ ਸੱਚ ਫਿਲਾਸਫੀ ਅਤੇ ਖਾਲਸਾ ਕਿਰਦਾਰ, ਬਿਨਾਂ ਕਿਸੇ ਰੱਖੀ ਗੁਰੂ ਅਸਪਸ਼ਟਤਾ, ਰੌਸ਼ਣ ਸੱਚ ਚਿਰਾਗ, ਤੁਸਾਂ ਦੇ, ਸੱਭ ਦੇ ਸਾਹਮਣੇ ਹੋਣ ਦੇ ਬਾਵਜੂਦ, ਅਜੇ ਵੀ ਤੁਸਾਂ ਦੇ ਮੁਖਾਰਬਿੰਦ ਤੋਂ ਝੂਠ ਸੁਣਕੇ ਅਤਿਅੰਤ ਦੁਖ ਹੋਇਆ ਹੈ ਕਿ ਆਪਜੀ ਨੇ ਵੀ ਆਪਨੂੰ ਉਨਾਂ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ ਸਾਕਤ ਝੂਠ ਬੋਲਣ ਵਾਲੇ ਪਾਂਡਿਆਂ ਦੀ ਕਿਤਾਰ ਵਿਚ ਖੜਾ ਕਰ ਲਿਆ ਹੈ ਜਿਨਾਂ ਤੇ ਗੁਰਬਾਣੀ ਸੱਚ ਦਾ ਅਸਰ ਨਾ ਪਹਿਲਾਂ ਹੋਇਆ ਅਤੇ ਨਾ ਹੁਣ ਹੋ ਰਿਹਾ ਹੈ। ਉਨਾਂ ਤੋਂ ਬਿਨਾਂ ਦਲੀਲ ਆਪਣੇ ਹੀ ਗੁਰੂ ਦੀ ਸੱਚ ਫਿਲਾਸਫੀ ਨੂੰ ਬਿਪਰਨ ਦੇ ਧਰਮਾਂ ਦੀ ਫਿਲਾਸਫੀ ਵਿਚ, ਇਨਸਾਨੀ ਕਿਰਦਾਰ ਵਿਚ ਬਦਲਣੋਂ, ਬਿਪਰਨ ਦੀ ਔਲਾਦ ਹੋਣ ਕਰਕੇ, ਮਿਲੇ ਪਿਤਾ ਪੁਰਖੀ, ਮਾਂ ਪੁਰਖੀ ਜਨਮ ਤੋਂ ਬਿਪਰਨ ਰੀਤ ਸੁਭਾ ਗੋਨ ਪਦਾਰਥ ਕਰਕੇ, ਨਹੀਂ ਰਹਿ ਹੋ ਰਿਹਾ। ਸੋ ਆਖਰੀ ਵਾਰ ਆਪਜੀ ਦੇ ਮਨ ਵਿਚ ਪਰਪੱਕ ਹੋ ਚੁੱਕੇ ਝੂਠ ਨੂੰ ਝੂਠ ਐਲਾਨਦੀ ਸੰਖੇਪ ਗੁਰਮਤਿ ਸੱਚ ਮਿਸਾਲ ਦੇਕੇ ਤੁਸਾਂ ਤੇ ਛੱਡਦੇ ਹਾਂ ਕਿ ਅਜੇ ਵੀ ਗੁਰੂ ਵਲੋਂ ਮਾਰੇ ਐਲਾਨਿਆਂ ਨੇ ਅਗਾਂਹ ਸਾਕਤ ਤੋਂ ਸਾਕਤ ਹੋਈ, ਸੰਸਾਰ ਤੋਂ ਮਹਾ ਨਰਕ ਭਾਗੀ ਬਣੇ ਜਾਣਾਂ ਹੈ ਜਾਂ ਗੁਰੂ ਦੇ ਆਪੇ ਮਾਰੇ ਆਪੇ ਮੁੜ ਜੀਵਾਏ ਸਿਖ ਸੂਰੇ ਗੁਰਸਿਖ ਹੋ ਸੰਸਾਰ ਤੋਂ ਗੁਰੂ ਨਾਲ ਜੁੜੇ ਜਾਣਾਂ ਹੈ ਅਤੇ ਗਰਭ ਜੂਨ ਦੇ ਜਮਣ ਮਰਨ ਦੇ ਨਰਕ ਤੋਂ ਛੁਟਕਾਰਾ ਪਾਉਂਣਾਂ ਹੈ?

ਵੀਰ ਜੀ **'ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ'** ਦਸਤਾਵੇਜ਼ ਵਿਚ ਵਿਸਥਾਰ ਸਹਿਤ ਗੁਰਮਤਿ ਸੱਚ ਅਨੁਸਾਰ ਸਿਖ ਦੇ ਨਿਆਰੇ ਨਿਰਮਲ ਸੂਰੇ ਸੰਤ ਪੂਰਣ ਖਾਲਸੇ ਇਨਸਾਨ ਕਿਰਦਾਰ ਦੇ ਬਖਿਆਨ ਦੁਆਰਾ, ਆਪਜੀ ਦੇ ਮੂਹੋਂ ਮੁੜ ਨਿਕਲੇ ਝੂਠ ਦਾ ਜਬਾਬ ਗੁਰਸਿਖ ਕਾਫਲਾ ਦੇ ਚੁੱਕਾ ਹੈ ਕਿ ਸਿਖ ਧਰਮ ਫਿਲਾਸਫੀ ਅਤੇ ਖਾਲਸ ਇਨਸਾਨ, ਖਾਲਸੇ ਦਾ ਕਿਰਦਾਰ, ਨਾਮ ਜਪਣ ਤੱਕ, ਉਹ ਵੀ ਬਿਨਾਂ ਅਮਲ, ਸੀਮਤ ਨਹੀਂ ਹੈ। ਜਿਸ ਨੇ ਆਪਣੇ ਆਪਨੂੰ ਨਾਮ ਜਪਣ ਤੱਕ ਸੀਮਤ ਰੱਖਿਆ, ਉਸ ਨੂੰ ਇਸ ਕੰਮ ਤੋਂ ਨਾ ਕਿਸੇ ਰੋਕਿਆ, ਨਾ ਉਸ ਨੂੰ ਇਸ ਕੰਮ ਲਈ ਕਿਤੇ ਸਿਰ ਦੇਣ ਦਾ ਖਤਰਾ ਅਤੇ ਨਾ ਹੀ ਕਿਸੇ ਉਸ ਪਾਸੋਂ ਸਿਰ ਮੰਗਿਆ ਹੈ। ਇਹ ਉਹ ਕੋਈ ਪ੍ਰਾਣੀ ਹੈ ਜੋ ਕਦੇ ਕਿਸੇ ਗੁਰੂ ਘਰ ਅਇਆ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨ ਅਦਬ ਸਤਿਕਾਰ ਸਹਿਤ ਨਮਸਕਾਰ ਕਰ, ਸੰਗਤ ਵਿਚ ਬੈਠਾ, ਕੁਝ ਸੁਣ ਅਤੇ ਅੰਤ ਪ੍ਰਸ਼ਾਦ ਲੈ, ਪੰਗਤ ਵਿਚ ਬੈਠ ਪ੍ਰਸ਼ਾਦਾ ਸ਼ਕ, ਘਰ ਮੁੜ ਗਿਆ। ਇਹ ਉਹ ਕੋਈ ਪ੍ਰਾਣੀ ਹੈ ਇਸ ਦਰ ਦਾ ਇਸ ਘਰ ਦਾ ਸ਼ਰਧਾਲੂ ਜਾਂ ਨਾ ਸ਼ਰਧਾਲੂ, ਗੁਰੂ ਕਰਤੇ ਕਿਸੇ ਸਬੱਬ ਕਿਸੇ ਗੁਰਦੁਆਰੇ ਲਿਆਂਦਾ, ਜੋ ਬਿਨਾਂ ਸਿਖ ਸਰੂਪ ਦੇ ਧਾਰੇ, ਗੁਰੂ ਨਾਲ ਕਿਰਤ ਕਰਨੀ, ਵੰਡ ਸ਼ਕਣਾਂ ਅਤੇ ਨਾਮ ਜਪਣ ਤੱਕ ਜੋੜੀ ਬੈਠਾ ਹੈ। ਜਿਸ ਵਲੋਂ ਸਿਖ ਧਰਮ ਨੂੰ ਅਪਣਾਇਆ ਹੋਇਆ ਨਾ ਹੋਣ ਕਰਕੇ ਇਸ ਦਰ, ਇਸ ਘਰ ਨਾਲ ਸਿਖ ਸਰੂਪ ਦੁਆਰਾ ਨਾ ਜੋੜਿਆ ਹੋਇਆ ਹੋਣਾਂ ਅਤੇ ਇਸ ਕਦਰ ਗੁਰੂ ਅਤੇ ਗੁਰੂ ਪੰਥ ਨਾਲ ਕੋਈ ਅਹਿਦ ਕੋਈ ਵਾਅਦਾ ਜਾਂ ਪ੍ਰਣ ਨਾ ਕੀਤਾ ਹੋਇਆ ਹੋਣਾਂ। ਹਾਂ ਇਨਾਂ ਵਿਚੋਂ ਕੋਈ ਅਣਜਾਣ ਵੀਰ ਤਾਂ ਇਸ ਦਰ ਦਾ ਇਸ ਘਰ ਦਾ ਨਾ ਪੂਰਾ ਵਾਕਫ ਇਨਸਾਨ ਹੋਣ ਕਰਕੇ, ਭੁੱਲ ਵਿਚ ਸਿਖ ਧਰਮ ਅਤੇ ਸਿਖ ਕਿਰਦਾਰ ਦੀ ਵਿਆਖਿਆ ਨੂੰ ਨਾਮ ਜਪਣ ਤੱਕ ਸਮਾਪਤ ਕਰ ਸਕਦਾ ਹੈ।

ਪਰ ਕੋਈ ਸਿਖ ਸਰੂਪ ਦੁਆਰਾ ਗੁਰੂ ਨਾਲ ਜੁੜੇ ਹੋਣ ਦਾ ਵਿਖਾਵਾ ਲੈਕੇ ਅਤੇ ਅੱਗੇ ਅੰਮ੍ਰਿਤ ਦੀ ਦਾਤ ਨਾਲ ਗੁਰੂ ਦਾ ਹੋ ਚੁੱਕਾ ਸਿਖ, ਗੁਰਸਿਖ, ਖਾਲਸਾ, ਸਿਖ ਧਰਮ ਫਿਲਾਸਫੀ ਅਤੇ ਸਿਖ ਕਿਰਦਾਰ ਨੂੰ ਨਾਮ ਜਪਣ ਤੱਕ ਸੀਮਤ, ਨਹੀਂ ਐਲਾਨ ਸਕਦਾ। ਆਹ ਵੇਖ ਆਖਰੀ ਵਾਰ ਤੇਰੇ ਸਾਹਮਣੇ ਉਸੇ ਗੁਰਬਾਣੀ ਗੁਰੂ ਦੇ ਫੁਰਮਾਨ, ਜਿਸ ਨੂੰ ਆਪਜੀ ਵੀ ਆਪਣੇ ਗੁਰੂ ਹੋਣ ਦਾ ਦਾਹਵਾ ਕਰਦੇ ਹੋ, ਜਿੰਨਾਂ ਦੀ ਪ੍ਰਵਾਨਗੀ ਸਮੇਤ ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨਣ ਦਾ ਪ੍ਰਣ ਕਰਕੇ, ਕੋਈ ਆਪਣੀ ਮਰਜੀ ਉਤੇ ਗੁਰੂ ਦਾ ਆਪਣੇ ਆਪਨੂੰ ਸਿਖ ਬਣਾਉਂਦਾ ਅਤੇ ਕਹਾਉਂਦਾ ਹੈ ਅਤੇ ਗੁਰੂ ਉਸ ਨੂੰ ਆਪਣਾਂ ਸਿਖ ਸਵਿਕਾਰ ਕਰਦਾ ਹੈ:

ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ (ਪੰਨਾ 1019)

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਪੰਨਾ 1105)

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ (ਪੰਨਾ 1102)

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ 1412)

ਇਹ ਹਨ ਗੁਰੂ ਦੇ ਹੋਏ ਸਿਖ ਸੂਰੇ ਅਤੇ ਗੁਰੂ ਵਲੋਂ ਆਪਣੇ ਸਵਿਕਾਰ ਕੀਤੇ ਹੋਏ ਸਿਖ ਸੂਰੇ ਖਾਲਸੇ, ਜਿਨਾਂ ਸਿਖ ਧਰਮ ਦੀ ਸੱਚੀ ਫਿਲਾਸਫੀ ਅਨੁਸਾਰ ਗੁਰੂ ਦੇ ਸੱਚੇ ਸਿਖ ਹੋ, ਸਿਰ ਦੇਣ ਦੇ ਕੀਤੇ ਪ੍ਰਣ ਨੂੰ ਨਿਭਾਂਦਿਆਂ ਸੂਰੇ ਦਾ ਮਰਨਾਂ ਆਪਣਾਂ ਨਿਸ਼ਾਨ ਕਰਦਿਆਂ, ਨੌਵੇਂ ਗੁਰੂ ਤੋਂ ਦਰ ਆਏ ਮਜ਼ਲੂਮ ਦਾ ਧਰਮ ਬਚਾ, ਉਸ ਨੂੰ ਦਿਲੀ ਤਖਤ ਤੇ ਮਾਲਕ ਕਰਨ ਅਤੇ ਇਸ ਮਗਰੋਂ ਵੈਸਾਖੀ 78 ਤੋਂ ਜੂਨ ਚੌਰਾਸੀ ਅਤੇ ਜੂਨ ਚੋਰਾਸੀ ਤੋਂ ਜੂਨ 2009 ਤੱਕ ਖਾਲਸਾ ਪੰਥ ਦੇ ਲਾਸਾਨੀ ਅਨਮੋਲ, ਗੌਰਵਮਈ ਇਤਿਹਾਸ ਦੀ ਸਿਰਜਣਾਂ ਕੀਤੀ। ਇਹ ਹਨ ਗੁਰੂ ਦੇ ਹੋਏ ਸਿਖ ਸੂਰੇ ਸੰਤ ਖਾਲਸੇ ਜਿੰਨਾਂ ਦਾ ਇਕ ਕਕਾਰ ਸ੍ਰੀ ਕ੍ਰਿਪਾਨ ਜੀ ਅੰਤ ਮਜ਼ਲੂਮ ਦੀ, ਆਪਣੀ, ਆਪਣੇ ਧਰਮ, ਪੰਥ ਅਤੇ ਸਰਬੱਤ ਦੀ ਰੱਖਿਆ ਲਈ, ਬਿਪਰਨ ਰੀਤ ਸੰਸਾਰ ਨੂੰ ਵੰਗਾਰ ਵਜੋਂ ਉਨਾਂ ਗੱਲ ਸ਼ਸ਼ੋਭਤ ਸੂਰੇ+ਸੰਤ=ਸਿਖ ਦਾ ਸ਼ੰਗਾਰ ਗਹਿਣਾਂ ਹੈ। ਜਿਨਾਂ ਦਾ ਧਰਮ ਨਾਮ ਜਪਣ ਤੱਕ ਸੀਮਤ, ਸਿਰਫ ਉਨਾਂ ਲਈ ਹੀ ਉਨਾਂ ਦੇ ਰੱਬ ਵਲੋਂ ਦੁਨੀਆਂ ਤੇ ਕੀਤਾ ਕੋਈ ਹੋਰ ਮਿਸ਼ਨ ਨਹੀ ਹੈ। ਪਰ ਸੂਰੇ+ਸੰਤ=ਸਿਖ ਸੰਗਠਨ ਖਾਲਸਾ ਪੰਥ, ਜਿਸ ਦਾ ਗੁਰੂ ਕਰਤੇ ਰੱਬ ਵਲੋਂ ਇਕ ਮਿਸ਼ਨ ਵੀ ਮੁਕਰਰ ਹੈ ਅਤੇ ਇਸ ਮਿਸ਼ਨ ਦਾ ਆਦਿ ਅਧਿਆਤਮ ਕਾਰਣ ਹੈ। ਜੇ ਅੱਜ ਦੇ ਕਲਜੁਗੀ ਸਿਖ ਸਰੂਪ ਇਨਸਾਨ ਨੂੰ ਉਸ ਦਾ ਆਪਣਾਂ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਾਰ ਲਈ, ਖੋਜ ਲਈ ਵੱਡਾ ਜਾਪਣ ਲੱਗ ਪਿਆ ਹੈ ਤਾਂ ਕੀ ਦੋ, ਦੋ ਗੁਰਬਾਣੀ ਸਤਰਾਂ ਵਿਚ ਗੁਰੂ ਵਲੋਂ ਕੀਤਾ ਸੱਚ ਨਚੇੜਾ ਵੀ ਵੱਡਾ ਹੋ ਗਿਆ ਹੈ ਜੋ ਯਾਦ ਨਹੀਂ ਰਹਿ ਰਿਹਾ, ਹਰ ਰੋਜ ਸਵੇਰੇ ਸ਼ਾਮ ਜਪਦੇ ਆ ਰਹੇ ਹੋਣ ਦੇ ਬਾਵਯੂਦ ਵੀ?

ਖਾਲਸਾ ਪੰਥ ਦੀ ਸਿਰਜਣਾਂ ਦਾ ਆਦਿ ਅਧਿਆਤਮਕ ਅਤੇ ਦੁਨਿਆਵੀ ਕਾਰਣ:

**ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ॥**

ਖਾਲਸਾ ਪੰਥ ਦਾ ਗੁਰੂ ਕਰਤੇ ਰੱਬ ਵਲੋਂ ਪੂਰਤੀ ਲਈ ਜ਼ਿਮੇਂ ਕੀਤਾ ਹੋਇਆ ਮਿਸ਼ਨ:

**ਸੁਖੀ ਵਸੈ ਮੋਰੋ ਪਰਿਵਾਰਾ ॥ ਸੇਵਕ ਸਿਖ ਸਭੈ ਕਰਤਾਰਾ॥** (ਕਬਿਯੋ ਬਾਚ ਬੇਨਤੀ ॥ਚੌਪਈ॥)

ਜੋ ਖੁਦ ਬਿਪਰਨ ਤਖਤ ਦਾ ਗੁਲਾਮ, ਉਹ ਕਦ ਗੁਰੂ ਕਰਤੇ ਦੇ ਆਪਣੇ ਜ਼ਿਮੇ ਲੱਗੇ ਇਸ ਮਿਸ਼ਨ ਨੂੰ ਪੂਰਾ ਕਰ ਸਕਿਆ?

ਗੁਰੂ ਕਰਤੇ ਦਾ ਖਾਲਸੇ ਲਈ ਹੁਕਮ ਰਜਾ, ਮਿਸ਼ਨ ਦੀ ਪੂਰਤੀ ਲਈ ਸੱਭ ਤੋਂ ਪਹਿਲੇ ਆਪਣੀ ਅਤੇ ਆਪਣੇ ਧਰਮ ਦੀ ਬਿਪਰਨ ਤੋਂ ਸਦੀਵੀ ਰਾਖਿਆ ਲਈ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਅਤੇ ਇਹ ਨਿਆਰਾ ਨਿਰਪੱਖ, ਨਿਰਸਵਾਰਥ, ਨਰਵੈਰ, ਨਾ ਭੈਅ ਦੇਣ ਵਾਲਾ ਨਾ ਭੈਅ ਲੈਣ ਵਾਲਾ, **'ਬੇਗਮ ਪੁਰਾ'** ਹੈ। ਜਿਥੇ ਗੁਰੂ ਗਿਆਨ ਦੀ ਅੱਜ ਬਖਸ਼ਿਸ਼ ਮਗਰੋਂ, ਗੁਰੂ ਦੇ ਨਾਮ ਦੀ ਸਿਖਰ ਅੰਤ ਅਨਮੋਲ ਦਾਤ ਬਖਸ਼ਿਸ਼ ਪ੍ਰਾਪਤ, ਕਿਸੇ ਸ਼ਹਿਰੀ ਸਿਖ ਗੁਰਸਿਖ ਖਾਲਸੇ ਨੇ, ਜੋ ਮਨ ਅੱਜ ਸੰਸਾਰ ਉਤੇ ਕਿਸੇ ਮਨੁਖੀ ਜਾਮੇ ਵਿਚ ਨਹੀਂ ਹੈ, ਗੁਰੂ ਨੂੰ ਮਨਜੂਰ ਇਕ ਦਿਨ ਜਰੂਰ ਹੋਣਾਂ ਹੈ। ਉਸ ਆਪਣੇ ਸੰਸਾਰ ਭਾਈ ਦੇ ਜੀਵਨ ਆਧਾਰ ਲਈ ਵੀ ਜਿਥੇ ਸੱਚਾ ਸ਼ਬਦ ਪ੍ਰਕਾਸ਼ ਬਣਨਾਂ ਹੈ, ਨਾਲ ਹੁਣ ਤੱਕ ਸਤਿਗੁਰ ਦੇ ਆਦਿ ਸਿਖ ਸੰਤ ਭਗਤ ਖਾਲਸੇ ਵਲੋਂ ਆਪਣੇ ਪਰਮ ਪੁਰਖ ਪਿਤਾ ਆਦਿ ਰਾਜੇ ਦੇ ਹੁਕਮੀਂ ਅਤੇ ਆਸਰੇ, ਉਸਾਰੇ ਹੋਏ ਅਸਲ ਬੇਗਮਪੁਰੇ ਦੇ ਦਰਸ਼ਨਾਂ ਲਈ ਨਾਮ ਦੇ ਜਹਾਜ ਵੀ ਹੋਣਾਂ ਹੈ।

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ (ਪੰਨਾਂ 2)

ਅਦਾਲਤ ਵਿਚ ਸਿਖ ਦੀ ਪ੍ਰੀਭਾਸ਼ਾ ਵਾਰੇ ਕੇਸ ਦਰਜ ਤੋਂ ਲੈਕੇ ਹੁਣ ਤੱਕ ਆਪਜੀ ਦੇ ਅੱਗੇ ਰੱਖੇ ਦਸਤਾਵੇਜਾਂ ਵਿਚ ਗੁਰਬਾਣੀ ਅਨੁਸਾਰ ਬਣਦੀ ਸਿਖ ਦੀ ਪ੍ਰੀਭਾਸ਼ਾ ਅਤੇ ਮਰਯਾਦਾ ਦੇ ਗਿਆਨ ਫੈਸਲੇ ਵਾਰੇ ਕੋਈ ਕਸਰ ਨਹੀਂ ਰਹੀ। 'ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜੁਨਮ' ਦਸਤਾਵੇਜ਼ ਵਿਚ ਹੀ ਦਰਜ ਗੁਰਬਾਣੀ ਦੀਆਂ ਦੋ ਸਤਰਾਂ ਵਿਚ ਸੱਚ, ਜੋ ਆਪਣੇ ਆਪ ਵਿਚ, ਆਪਜੀ ਦੇ ਮੁਖਾਰਬਿੰਦ ਤੋਂ ਮੁੜ ਮੁੜ ਉਚਾਰੇ ਜਾ ਰਹੇ ਝੂਠ ਨੂੰ, ਜੋ ਤੁਸਾਂ ਆਪਣੇ ਸਵਿਧਾਨ ਵਿਚ ਅੱਖਰੀਂ ਵੀ ਕੀਤਾ ਹੋਇਆ ਹੈ, ਝੂਠ ਐਲਾਨਦਾ, ਆਪਜੀ ਅੱਗੇ ਆਖਰੀ ਵਾਰ ਰੱਖਕੇ, ਆਪਜੀ ਨੂੰ ਅੰਤਲੀ ਵਾਰ ਸਿਖ ਸਰੂਪ ਵਿਚ ਬਿਪਰਨ ਦੀ ਪਾਂਡੀ ਔਲਾਦ ਦੇ ਝੂਠ ਨੂੰ ਸਾਕਤ ਹੋ, ਸਿਖ ਧਰਮ ਅਤੇ ਖਾਲਸਾ ਕਿਰਦਾਰ ਨਾਲ ਜਬਰੀਂ ਜੋੜਨ ਦਾ ਹੋਰ ਕੁਕਰਮ ਨਾ ਕਰਨ ਦੀ ਬੇਨਤੀ ਹੈ।

ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥
ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥ (ਪੰਨਾ 41)

ਵੀਰ ਜੀ ਗੁਰੂ ਮਹਾਰਾਜ ਨੇ ਤੁਸਾਂ ਨੂੰ ਵੀ ਕਾਲਕਾ ਪੰਥ ਦੀ ਸਿਖ ਸਰੂਪ ਵਿਚ ਮੋਹਰੀ ਝੂਠ ਬੋਲਣ ਵਾਲੀ ਪਾਂਡੀ ਔਲਾਦ ਕਿਤਾਰ ਵਿਚ ਖੜਾ ਕਰ ਦਿੱਤਾ ਹੈ। ਜਿਵੇਂ ਹੁਣ ਤੱਕ ਸ਼ਰੋਮਣੀ ਕਮੇਟੀ ਉਤੇ, ਜੋਗਿੰਦਰ ਸਹੁੰ ਉਤੇ, ਦਰਸ਼ਨ ਸਹੁੰ ਰਾਗੀ ਉਤੇ, ਸਿਮਰਨਜੀਤ ਸਿੰਘ ਮਾਨ ਉਤੇ ਗੁਰਬਾਣੀ ਸੱਚ ਦਾ ਅਸਰ ਨਾ ਹੋਇਆ, ਇਵੇਂ ਹੀ ਆਪ ਉਤੇ ਵੀ ਨਾ ਹੋਇਆ। ਗੁਰੂ ਕਰਤੇ ਨੇ ਸਭਨਾਂ ਨੂੰ ਸਿਖ ਸਰੂਪ ਵਿਚ ਸਿਖ ਧਰਮ ਫਿਲਾਸਫੀ ਅਤੇ ਕਿਰਦਾਰ ਦੇ ਨਾਮ ਉਤੇ ਝੂਠੇ ਅਗਧ ਪੜ ਰਹੇ ਪਾਂਡੇ ਸ਼ੈਤਾਨ ਸਬੂਤ ਕੀਤਾ ਹੋਇਆ ਹੈ।

ਸਿਖ ਧਰਮ ਫਿਲਾਸਫੀ ਅਤੇ ਖਾਲਸਾ ਕਿਰਦਾਰ ਨੂੰ ਨਾਮ ਜਪਣ ਤੱਕ ਸੀਮਤ ਕਰਨ ਦਾ ਮਤਲਬ ਕਿਸੇ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ ਵਲੋਂ ਸਿਖ ਧਰਮ ਵਿਚ ਸ਼ਹਾਦਤ ਦੇ ਕਾਦਰ ਵਲੋਂ ਕੁਦਰਤ ਦੁਆਰਾ ਕੀਤੇ ਪਵਿਤ੍ਰ ਇਨਸਾਨੀ ਸੂਰੇ ਸੁਭਾਅ ਦੇ ਸੱਚ ਨੂੰ ਨਿੰਦਦੇ, ਚੋਰ ਦਰਵਾਜੇ ਪੰਚਮ ਪਾਤਸ਼ਾਹ ਨੂੰ ਸ਼ਹਾਦਤ ਲਈ ਖੁਦ ਜ਼ਿਮੇਵਾਰ ਠਹਰਾਉਣਾਂ ਹੈ ਕਿ ਉਨਾਂ ਨੇ ਆਪਣੇ ਆਪਨੂੰ ਨਾਮ ਜਪਣ ਤੱਕ ਸੀਮਤ ਨਾ ਰੱਖਿਆ ਹੋਣਾਂ। ਜੇ ਇਹ ਧਰਮ ਨਾਮ ਜਪਣ ਤੱਕ ਸੀਮਤ ਹੁੰਦਾ ਤਾਂ ਨੌਵੇਂ ਗੁਰੂ ਆਪਣੇ ਧਰਮ ਦੀ ਰਾਖੀ ਲਈ ਬਚਨ ਲੈਣ ਦਰ ਆਏ ਕਸ਼ਮੀਰੀ ਪੰਡਤਾਂ ਨੂੰ ਵੀ ਇਹ ਤੁਹਾਡਾ ਹੀ ਕਿਹਾ ਸੁਣਾ ਦਿੱਤਾ ਹੁੰਦਾ ਕਿ ਭਾਈ ਉਨਾਂ ਦਾ ਧਰਮ ਤਾਂ ਉਨਾਂ ਨੂੰ ਕਿਰਤ ਕਰਨ, ਵੰਡ ਸ਼ਕਣ ਅਤੇ ਨਾਮ ਜਪਣ ਤੱਕ ਦਾ ਹੀ ਉਪਦੇਸ਼ ਦੇਂਦਾ ਹੈ। ਇਸ ਲਈ ਆਪਣੇ ਧਰਮ ਦੀ ਰਾਖੀ ਲਈ ਜੇ ਸੰਸਾਰ ਤੇ ਤੁਸਾਂ ਨੂੰ ਕੋਈ ਹੋਰ ਨਿਆਂਕਾਰੀ ਸੂਰਾ ਦਿਸਦਾ ਹੈ ਤਾਂ ਉਸ ਕੋਲ ਜਾਓ। ਉਹ ਉਨਾਂ ਦੀ ਕੋਈ ਮੱਦਦ ਨਹੀ ਕਰ ਸਕਦੇ। ਦਸ਼ਮੇਸ਼ ਪਿਤਾ ਜੀ ਬਿਨਾਂ ਸਿਰ ਮੰਗਣ ਅਤੇ ਲਿਆਂ ਹੀ ਅੰਮ੍ਰਿਤ ਸ਼ਕਾ ਜਾਂ ਨਾ ਸ਼ਕਾ ਉਨਾਂ ਨੂੰ ਖਾਲਸੇ ਐਲਾਨ ਕਰ ਦਿੰਦੇ। ਨਾ ਰਾਜਾ ਅਤੇ ਨਾ ਉਸ ਦਾ ਰਾਜ, ਕਿਰਤ ਕਰਨ, ਵੰਡ ਸ਼ਕਣ ਅਤੇ ਨਾਮ ਜਪਣ ਵਾਲੇ ਲਈ ਕੋਈ ਖਤਰਾ। ਨਾ ਰਾਜੇ ਅਤੇ ਉਸ ਦੇ ਰਾਜ ਲਈ ਕੋਈ ਆਪਣੇ ਆਪਨੂੰ ਕਿਰਤ ਕਰਨ, ਵੰਡ ਸ਼ਕਣ ਅਤੇ ਨਾਮ ਜਪਣ ਤੱਕ ਸੀਮਤ ਰੱਖਣ ਵਾਲਾ ਹੀ ਕੋਈ ਖਤਰਾ। ਜੋ ਸਿਖ ਧਰਮ ਫਿਲਾਸਫੀ ਅਤੇ ਖਾਲਸੇ ਦੇ ਪਵਿਤ੍ਰ ਪੂਰਨ ਨਿਰਮਲ ਕਿਰਦਾਰ ਨੂੰ ਨਾਮ ਜਪਣ ਤੱਕ ਸੀਮਤ ਦੱਸਦਾ ਹੈ ਉਹ ਇਹ ਐਲਾਨ ਕਰਦਾ ਹੈ ਕਿ ਉਹ ਤਾਂ ਜੁਗਿੰਦਰ ਸਹੁੰ ਵਾਂਗਰ, ਸਿਖ ਧਰਮ ਨੂੰ ਨੌਵੇਂ ਗੁਰੂ ਤੱਕ ਹੀ ਸੀਮਤ ਸਹੀ ਮੰਨਦਾ ਹੈ। ਖਾਲਸਾ ਪੰਥ ਦੀ ਸਿਰਜਣਾਂ ਅਤੇ ਇਸ ਵਲੋਂ ਅੰਤ ਲੜਿਆ ਗਿਆ ਬਿਪਰਨ ਦੇ ਜੰਜੂ ਤਿਲਕ ਲਈ ਅਤੇ ਆਪਣੀ ਰਾਖੀ ਲਈ ਸਿਖ ਸੂਰੇ ਸੰਤ ਨਿਰਮਲ ਪਰਉਪਕਾਰੀ ਕ੍ਰਿਦਾਰ ਖਾਲਸਾ ਪੰਥ ਵਲੋਂ ਅਤੇ ਗੁਰੂ ਵਲੋਂ ਕੀਤੇ ਹਥਿਆਰਬੰਦ ਸੰਘਰਸ਼ ਨੂੰ, ਗੁਰੂ ਅਤੇ ਪੰਥ ਵਲੋਂ ਉਸ ਸਮੇਂ ਭਾਵੇਂ ਸਹੀ, ਪਰ ਅੱਜ ਮਾੜੀ ਐਲਾਨਦਾ, ਇਸ ਲਈ ਬਿਪਰਨ ਦੀਆਂ ਅਦਾਲਤਾਂ ਨੂੰ ਉਤਮ ਐਲਾਨਦਾ ਹੈ। ਜੋ ਕਿਸੇ ਨਿਜੀ ਇਨਸਾਨ ਨੂੰ ਇਨਸਾਫ ਤਾਂ ਦੇ ਸਕਦੀਆਂ ਹੋਵਣ, ਪਰ ਉਸ ਕੌਮ ਨੂੰ ਨਹੀਂ, ਜਿਸ ਦਾ ਕਤਲੇਆਮ, ਉਨਾਂ ਦੀ ਬਹੁ ਗਿਣਤੀ ਹਕੂਮਤ, ਆਪਣੀ ਬਹੁਗਿਣਤੀ ਦੀ ਰੱਖਿਆ ਦੇ ਨਾਮ ਉਤੇ, ਚੋਰੀਂ ਆਪਣੀ ਰੇਖ ਦੇਖ ਅਗਵਾਈ ਵਿਚ ਕਰਵਾ ਰਹੀ ਹੋਵੇ।

ਵੀਰ ਵੇਖ ਸਬੂਤ ਕਿ ਗੁਰੂ ਮਹਾਰਜ ਨੇ ਤੁਸਾਂ ਮੂੰਹੋ ਹੀ ਤੁਸਾਂ ਅੱਗੇ ਸੱਚ ਪ੍ਰਕਾਸ਼ ਕਰ ਦਿੱਤਾ ਹੈ ਕਿ ਆਪਜੀ ਸਿਖ ਸਰੂਪ ਵਿਚ ਅਜੇ ਵੀ ਉਨਾਂ ਗੁਰੂ ਨੂੰ ਮੱਤਾ ਦੇਣ ਆਏ ਅਤੇ ਗੁਰੂ ਨੂੰ ਸਦੀਵੀ ਬੇਦਾਵੇ ਦੇ ਗਿਆਂ ਦੀ+ਪਹਾੜੀ ਰਾਜਿਆਂ ਦੀ ਅੱਗੇ ਤੀਜੇ ਥਾਂ ਮਿਲਭੋਗੀ ਔਲਾਦ ਹੀ ਬੋਲ ਰਹੀ ਹੈ। ਜੋ ਗੁਰੂ ਵਲੋਂ ਮਰੀ ਐਲਾਨੀ ਹੋਈ ਹੈ। ਇਸ ਮਰੀ ਐਲਾਨੀ ਹੋਣ ਦਾ ਗੁਰਮਤਿ ਸੱਚ ਸਾਹਮਣੇ ਹੋਣ ਤੋਂ ਪਹਿਲੇ ਹੀ ਆਪਜੀ ਨੂੰ ਅਸਾਂ ਗੁਰਸਿਖ ਕਾਫਲਾ ਨਾਮ ਦੇਕੇ, ਗੁਰੂ ਹੁਕਮੀਂ ਮੁੜ ਜੀਵਾਇਆਂ ਵਿਚ ਜਾਣਇਆਂ ਗਿਆ ਸੀ। ਜਿਨਾਂ ਗੁਰੂ ਆਸਰੇ ਅਤੇ ਹੁਕਮ ਰਜਾਈਂ ਸੰਸਾਰ ਤੇ ਮੁੜ ਜੀਵਾਏ ਹੋ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ

ਤੋਂ ਆਪਣਾਂ ਓਟ ਆਸਰਾ ਅਤੇ ਮੰਗ ਪ੍ਰਾਪਤੀ ਲਈ ਆਪਣਾਂ ਦਰ ਸਿਰਫ ਤੇ ਸਿਰਫ ਆਪਣੇ ਇਕੋ ਸੱਭ ਸਮਰੱਥ ਸਿਰਜਨਹਾਰ ਗੁਰੂ ਕਰਤੇ ਨੂੰ ਹੀ ਕੀਤਾ ਹੋਣਾਂ, ਐਲਾਨਿਆਂ ਹੋਇਆ ਸੀ। ਪਰ ਕਰਤੇ ਦਾ ਭਾਣਾਂ ਕਿ ਜਿਨਾਂ ਕੱਲ ਨੂੰ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮਪੇਸ਼ਾ ਔਲਾਦ ਪ੍ਰਗਟ ਹੋਣਾਂ ਸੀ, ਤੁਸਾਂ ਉਨਾਂ ਗੁਰੂ ਕੀਤੀਆਂ ਲਾਸ਼ਾਂ ਤੋਂ ਮੰਗਣ ਤੁਰ ਪਏ। ਜਿਵੇਂ ਇਨਾਂ ਤੋ ਆਪਣੇ ਗੁਰਧਾਮਾਂ ਦੀ ਆਜਾਦੀ ਜਰੂਰੀ, ਅੱਜ ਆਪਜੀ ਦੇ ਮੁਖਾਰਬਿੰਦ ਤੇ ਆਇਆ ਹੈ, ਜੇ ਇਹ ਹੀ ਗੁਰਸਿਖ ਕਾਫਲਾ ਕਹਾਕੇ ਆਪਜੀ ਦੇ ਮੁਖਾਰਬਿੰਦ ਤੇ ਉਦੋਂ ਰਹਿੰਦਾ ਤਾਂ ਅੱਜ ਆਪਜੀ ਵੀ ਗੁਰੂ ਵਲੋਂ ਮਾਰੇ ਐਲਾਨਿਆਂ ਦੀ ਮੋਹਰੀ ਕਤਾਰ ਵਿਚ ਨਾ ਖੜੇ ਹੁੰਦੇ। ਸਗੋਂ ਇਸ ਗੁਰਮਤਿ ਸੱਚ ਐਲਾਨ ਪਹਿਲੋਂ ਹੀ, ਗੁਰੂ ਆਪੇ ਮਾਰ ਆਪੇ ਜੀਵਾਇਆਂ ਵਿਚੋਂ ਪਹਿਲੇ ਰਹਿੰਦੇ ਅਤੇ ਹੁਣ ਤੱਕ ਗੁਰੂ ਦੇ ਤੇਜ ਪ੍ਰਤਾਪ ਦੁਆਰਾ ਸੰਘਰਸ਼ ਦੀ ਅਗਵਾਈ ਕਰਨ ਦੇ ਸਮਰੱਥ ਵੀ ਗੁਰੂ ਵਲੋਂ ਗੁਰੂ ਦੀ ਧਰਤ, ਤੁਸੀਂ ਕੀਤੇ ਹੁੰਦੇ।
ਵੀਰ ਜੀ ਸੱਭ ਗੁਰਮਤਿ ਸੱਚ ਸਾਹਮਣੇ ਹੁੰਦੇ ਅਤੇ ਆਮ ਹਰਫੀਂ ਰੱਖੇ ਹੋਣ ਮਗਰੋਂ ਵੀ ਤੁਸਾਂ ਦੇ ਮੁਖਾਰਬਿੰਦ ਤੋਂ ਮੁੜ ਉਹ ਹੀ ਅਧੂਰੀ ਝੂਠੀ ਸਿਖ ਦੀ ਪ੍ਰੀਭਾਸ਼ਾ, ਮਰਯਾਦਾ ਅਤੇ ਸਿਖ ਧਰਮ ਫਿਲਾਸਫੀ ਸੁਣਨਾਂ, ਜੋ ਤੁਸਾਂ ਆਪਣੀਂ ਜਥੇਬੰਦੀ ਸ਼੍ਰੋਮਣੀ ਸਿਖ ਕੌਂਸਲ ਇੰਟਰਨੈਸ਼ਨਲ ਦੇ ਸਵਿਧਾਨ ਵਿਚ ਪਹਿਲਾਂ ਹੀ ਪੱਕੀ ਕੀਤੀ ਹੋਈ ਹੈ, ਇਹ ਹੀ ਸਬੂਤ ਨਿਸ਼ਾਨ ਕਰਦਾ ਹੈ ਕਿ ਹਾਂ ਜੀ ਅਸਾਂ ਤਾਂ ਸਿਖ ਸਰੂਪ ਵਿਚ ਬਿਪਰਨ ਦੀ ਝੂਠ ਬੋਲਣ ਵਾਲੀ ਪਾਂਡੇ ਔਲਾਦ ਹੀ ਬਣੇ ਰਹਿਣਾਂ ਹੈ ਅਤੇ ਇਹ ਹੀ ਅਗਧ ਅਗਾਂਹ ਵੀ ਸਿਖ ਸਰੂਪ ਵਿਚ ਸ਼ੈਤਾਨ ਰੂਪ ਹੋ ਪੜਨਾਂ ਹੈ।
ਵੀਰ ਵੇਖ ਇਕ ਪਾਸੇ ਹੱਥੀਂ ਸੇਵਾਦਾਰ ਅਸਾਂ ਗੁਰੂ ਦੇ ਲਾਲੋ ਕਿਆਂ ਵਿਚੋਂ, ਜੂਨ ਚੋਰਾਸੀ ਦੇ ਸੂਰੇ ਸ਼ਹੀਦਾਂ ਅਤੇ ਉਨਾਂ ਦੇ ਪਵਿਤ੍ਰ ਹੁਕਮਨਾਮੇ ਨੂੰ ਮੰਨਣ ਵਾਲਾ, ਸੂਰਾ ਕਿਰਦਾਰ ਨਿਭਾਂਦੇ ਮੌਤ ਦੀ ਸਜਾ ਲਈ ਬਿਪਰਨ ਦੀਆਂ ਕਾਲ ਕੋਠੜੀਆਂ ਵਿਚ ਬੰਦ ਸੂਰੇ ਸਿੰਘਾਂ ਦੇ ਕੇਸਾਂ ਦੀਆਂ ਪੈਰਵਾਈਆਂ ਅਣਥੱਕ ਕਰਨ ਵਾਲਾ। ਉਹ ਹੀ ਦੂਜੇ ਪਾਸੇ ਇਸ ਸੇਵਾ ਨੂੰ ਜਾਣੇਂ ਅਣਜਾਣੇਂ, ਸਿਖ ਸਰੂਪ ਵਿਚ ਝੂਠ ਬੋਲਣ ਵਾਲੇ ਪਾਂਡੇ ਬਣਦੇ ਹੋਏ, ਜੀਰੋ ਕਰ ਰਿਹਾ ਹੈ।
ਵੀਰ ਜੀ ਅਸਾਂ ਗੁਰੂ ਵਲੋਂ ਪੜ੍ਹਾ ਦਿੱਤਿਆਂ ਨੂੰ ਹੁਣ ਤੁਸਾਂ ਦੇ ਅਜੇ ਵੀ ਸਾਕਤ ਹੋ ਪੜਾਏ ਜਾ ਰਹੇ ਕੂੜ ਨੇ ਨਾ ਹੀ ਬਦਲ ਸਕਣਾਂ ਹੈ ਅਤੇ ਨਾ ਹੀ ਅਸਾਂ ਨੇ ਸਿਖ ਧਰਮ ਦੇ ਨਾਮ ਉਤੇ ਕੂੜ ਦੇ ਪ੍ਰਚਾਰ ਫਿਲਾਸਫੀ ਨੂੰ ਸੰਸਾਰ ਉਤੇ ਸਿਖ ਧਰਮ ਦੇ ਨਾਮ ਨਾਲ, ਖਾਲਸਾ ਪੰਥ ਦੇ ਨਾਮ ਨਾਲ ਹੀ ਜੁੜਨ ਦੇਣਾਂ ਹੈ।
ਵੀਰ ਜੀ ਤੁਸਾਂ ਅਜੇ ਵੀ ਸਾਡੇ, ਸਾਡੇ ਗੁਰੂ ਦੇ ਲਾਲੋਕਿਆਂ ਵਿਚੋਂ ਸੇਵਾਦਾਰ, ਪੂਰੇ ਗੁਰੂ ਦੇ ਮੁੜ ਜੀਵਾਏ ਪੂਰਨ ਸਿਖ ਹੋ ਸਕਣ ਦੀ ਆਸ ਰੱਖੇ ਜਾ ਸਕਣ ਵਾਲੇ ਜਾਣੇ ਹੋਣ ਅਤੇ ਜਿਨਾਂ ਦਾ ਅਜੇ ਵੀ ਦਰਦ ਹੋਣ ਕਰਕੇ, ਆਪਜੀ ਨੂੰ ਇਸ ਖਤ ਦੁਆਰਾ ਮੁੜ ਵਿਸ਼ੇਸ਼ ਤੌਰ ਤੇ ਸੰਬੋਧਨ ਹੋਣ ਦਾ ਆਖਰੀ ਗੁਰੂ ਹੁਕਮ ਨਿਭਾਇਆ ਹੈ। ਵੀਰ ਹੁਣ ਹਰ ਸਿਖ ਸਰੂਪ ਇਨਸਾਨ ਦਾ ਭਲਾ ਇਸ ਵਿਚ ਹੀ ਹੈ ਕਿ ਉਹ ਆਪਣੇ ਉਤੇ ਬੀਤ ਚੁੱਕੇ ਗੁਰੂ ਕਰਤੇ ਦੇ ਇਸ ਭਾਣੇ ਨੂੰ ਸਵਿਕਾਰ ਕਰੇ ਕਿ ਬਿਪਰਨ ਦੀ ਚਾਣਕੀਆ ਚਾਲ ਨੇ ਸਾਨੂੰ ਸਿਖ ਸਰੂਪ ਵਿਚ ਆਪਣੀ ਔਲਾਦ ਹੋਣਾਂ ਸੰਸਾਰ ਤੇ ਸਿਧ ਕਰ ਦੇਣ ਮਗਰੋਂ, ਗੁਰੂ ਕਰਤੇ ਨੇ ਅਸਾਂ ਸਭ ਨੂੰ ਮਰੇ ਐਲਾਨ ਕੀਤਾ ਹੋਇਆ ਹੈ। ਅਸਾਂ ਸਭ ਵਲੋਂ ਸਿਖ ਧਰਮ ਦੇ ਨਾਮ ਉਤੇ ਖਾਲਸਾ ਪੰਥ ਦੇ ਨਾਮ ਉਤੇ ਕਿਸੇ ਨਾ ਕਿਸੇ ਬਿਪਰਨ ਰੀਤ ਸਹਿਤ ਉਸਾਰੇ ਸਭ ਨੂੰ ਗੁਰੂ ਨੇ ਆਪਣੇ ਮੋੜਵੇਂ ਸੱਚ ਜਬਾਬ ਵਾਰ ਦੁਆਰਾ ਇਕ ਵਾਰ ਹੀ ਢਹਿ ਢੇਰੀ ਕਰਕੇ, ਸੱਭ ਉਤੇ ਸੁਹਾਗਾ ਫੇਰ ਦਿੱਤਾ ਹੈ। ਉਤੇ ਨਵਾਂ ਮੁੜ ਜਿਵਾਇਆ ਖਾਲਸਾ, ਖਾਲਸਾ ਪੰਥ ਵਾਰਸ, ਬੂਟਾ ਕਰ ਦਿੱਤਾ ਹੈ।
ਸੱਭ ਪਿਛਲੇ ਨੂੰ ਤਿਆਗ, ਪਿਛਲੇ ਤੇ ਪਸ਼ਚਾਤਾਪ, ਖਿਮਾਂ ਦੀ ਅਤੇ ਮੁੜ ਜੀਵਾਏ ਹੋ, ਗੁਰੂ ਦੇ ਤੇਜ ਪਰਤਾਪ ਦੇ ਬਲ ਲਈ ਅਰਦਾਸ ਅਤੇ ਨਵੀਂ ਸ਼ੁਰੂਆਤ ਹੀ ਕਿਸੇ ਸਿਖ ਸਰੂਪ ਨੂੰ ਮੁੜ ਗੁਰੂ ਨਾਲ ਜੋੜ ਅਤੇ ਜੁੜੇ ਸੰਸਾਰੋਂ ਜਾਣਾਂ ਕਰ ਸਕਦੀ ਹੈ। ਗੁਰੂ ਵਲੋਂ ਮਰੇ ਐਲਾਨਿਆਂ ਵਲੋਂ ਗੁਰੂ ਦੇ ਇਸ ਭਾਣੇ ਨੂੰ ਸਵਿਕਾਰ ਕਰ, ਤਕਰੀਬਨ ਤਿੰਨ ਸਦੀ ਪਹਿਲੇ ਇਨਾਂ ਦੇ ਵਡੇਰਿਆਂ ਨੂੰ ਦਿੱਤੀ ਸਲਾਹ "ਕਿਰਪਾ ਕਰੋ ਤੇ ਆਪਣੇ ਘਰਾਂ ਨੂੰ ਮੁੜ ਜਾਓ" ਨੂੰ ਅੱਜ ਹੀ ਮੰਨਕੇ, ਆਪਣੇ ਆਪਣੇ ਘਰੀਂ ਜਾ ਬੈਠ ਜਾਣਾਂ ਅਤੇ ਆਪਣੇ ਜਨਮਦਾਤਾ ਬਿਪਰਨ ਬ੍ਰਾਹਮਣ ਪੰਡਤ ਅਤੇ ਬ੍ਰਾਹਮਣ ਧੀ - ਦਿੱਲੀ ਤਖਤ ਤ੍ਰਿਕੁਟੀ ਅਤੇ ਖਾਲਸਾ ਪੰਥ ਵਿਚਕਾਰ ਕਲਜੁਗ, ਇਕ ਟੁਕ ਫੈਸਲੇ ਲਈ ਸੰਸਾਰ ਮੰਚ ਉਤੇ ਗੁਰੂ ਪੱਕੇ ਪੈਰੀ ਸ਼ੁਰੂ ਕਰਵਾਈ ਵਿਚਾਰਾਂ ਦੀ ਅਤੇ ਖਾਲਸਾ ਪੰਥ ਦੇ ਹੱਕ ਦੀ ਲੜਾਈ ਵਿਚ ਕੋਈ ਧਿਰ ਨਾ ਬਣਨਾਂ, ਹੀ ਗੁਰੂ ਵਲੋਂ ਮਰੇ ਐਲਾਨਿਆਂ ਦਾ ਇਕ ਹੱਦ ਤੱਕ ਭਲਾ ਹੈ। ਜਿਨਾਂ ਵਿਚੋਂ ਕਿਸੇ ਦਾ ਮੁਕਤਾ ਹੋਣਾਂ, ਗੁਰੂ ਨੂੰ ਮਨਜੂਰ ਹੋਵੇਗਾ, ਉਸ ਜੀਉਂਦੇ ਜਾਗਦੇ ਆਪਣੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭੁੱਲ ਦੀ ਸੋਧ ਦੇ ਅਰਦਾਸੇ ਦੁਆਰਾ, ਆਪਣੇ ਬਿਪਰਨ ਵਡੇਰਿਆਂ ਵਲੋਂ ਉਸ ਆਪਣੀ ਔਲਾਦ ਦੇ ਵੀ ਪੱਲੇ ਕੀਤੇ ਹੋਏ ਗੁਰੂ ਨੂੰ ਲਿਖੇ ਬਦਾਵੇ ਪੜਵਾਉਣ ਆਉਂਦਾ ਰਹਿ ਸਕਣਾਂ ਹੈ। ਇਸ ਬਾਝੋਂ ਜਾਂ ਮੁੜ ਜੀਵਾਏ ਹੋਣ ਬਾਝੋਂ ਅਗਾਂ ਹੋਰ ਸਿਖ ਧਰਮ ਵਾਰੇ, ਗੁਰੂ ਦੇ ਪੰਥ

ਵਾਰੇ, ਇਸ ਦੇ ਕਰਮ ਵਾਰੇ ਕਿਸੇ ਵਲੋਂ ਫੈਸਲਾ ਲੈਣਾਂ, ਗੁਰੂ ਵਲੋਂ ਮਾਰੇ, ਪਰ ਬਿਪਰਨ ਵਲੋਂ ਆਪਣੇ ਸਿਖ ਸਰੂਪ ਵਿਚ ਬਾਂਦਰ ਕਰ ਮੁੜ ਜੀਵਾਈ ਔਲਾਦ ਸਾਕਤਾਂ ਦਾ, ਪਾਂਡਿਆਂ ਦਾ, ਦੁਸ਼ਟਾਂ ਦਾ, ਮਸੰਦਾਂ ਦਾ ਬੋਲਣਾਂ ਅਤੇ ਚੱਲਣਾਂ ਹੈ ਅਤੇ ਸੰਸਾਰ ਤੋਂ ਮਹਾਂ ਨਰਕ ਭਾਗੀ ਜਾਣ ਲਈ ਆਪਣੇ ਸਿਰ ਪਾਪਾਂ ਦੀ ਪੰਡ ਨੂੰ ਦਿਨੋਂ ਦਿਨ ਭਾਰੀ ਤੋਂ ਭਾਰੀ ਹੀ ਕਰੀ ਜਾਣਾਂ ਹੈ। ਨਾਲੋ ਨਾਲ ਆਪਣੇ ਪਾਪ ਕੁਕਰਮਾਂ ਦੀ ਅੱਗ ਨਾਲ ਬਾਕੀ ਸੰਸਾਰ ਨੂੰ ਵੀ ਜਗਤ ਜਲੰਦਾ ਸਿਖਰ ਵੱਲ ਕਰੀ ਜਾਣਾਂ ਹੈ। ਜਦਕਿ ਜੂਨ ਚੌਰਾਸੀ ਦੇ ਸ਼ਹੀਦਾਂ ਦੀ ਬਦੌਲਤ, ਗੁਰੂ ਗਿਆਨ ਦੀ ਬਖਸ਼ਿਸ਼ ਅਨੁਸਾਰ, ਅਮਲੀ ਸਿਖੀ ਜੀਵਨ ਜੀਉਣ ਵਾਲੇ ਗੁਰੂ ਆਸਰੇ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਤੋਂ **'ਤੁਸਾਂ ਵੱਲੋਂ ਧਰੇ ਨੀਂਹ ਪੱਥਰ ਤੇ ਖਾਲਸੇ ਦੇ ਦੇਸ਼ ਦੀ ਉਸਾਰੀ, ਸਾਡੇ ਲਈ ਸਾਡੇ ਗੁਰੂ-ਕਰਤੇ ਦਾ ਹੁਕਮ ਫੁਰਮਾਨ'** ਐਲਾਨਨਾਮੇ ਦੁਆਰਾ ਸੰਸਾਰ ਮੰਚ ਤੇ ਹੋ ਹੀ ਚੁੱਕੇ ਨੇ ਅਤੇ ਗੁਰੂ ਵਲੋਂ ਸਿਰ ਕੀਤੀ ਆਪਣੇ ਦਰ ਅਤੇ ਘਰ ਦੀ ਸੇਵਾ ਸੰਭਾਲ ਅਤੇ ਅਗਵਾਈ ਦੇ ਹੁਕਮ ਨੂੰ, ਰਜਾ ਨੂੰ ਜ਼ਿਮੇਵਾਰੀ ਵਜੋਂ ਸੰਭਾਲਣ ਦੇ ਪ੍ਰਣ ਦੀ ਗੁਰੂ ਅੱਗੇ ਅਰਦਾਸ ਕਰ ਚੁੱਕੇ ਨੇ।

ਕਿਸੇ ਸਿਖ ਵਲੋਂ ਜਾਣੇ ਅਣਜਾਣੇ ਹੋਈ ਜਾਂ ਬਿਪਰਨ ਚਾਲ ਵਲੋਂ ਕਰਵਾਈ ਗਲਤੀ ਦੇ ਸੱਚ ਅਹਿਸਾਸ ਮਗਰੋਂ, ਹੋਈ ਭੁੱਲ ਦਾ ਸੁਧਾਰ ਕਰ ਜਾਣਾਂ, ਸਿਖ ਵਲੋਂ ਗੁਰੂ ਦੇ ਸੂਰੇ ਸੱਚੇ ਸਿਖ ਹੋਣ ਦੀ ਨਿਸ਼ਾਨੀ ਹੈ। ਕੋਈ ਹੀਣ ਭਾਵਨਾਂ ਜਾਂ ਬੇਇਜਤੀ ਦਾ ਅਹਿਸਾਸ ਜਾਂ ਮਹਿਸੂਸੀ ਨਹੀ। ਆਪਣੇ ਸਵਿਧਾਨ ਵਿਚ ਸਿਖ ਧਰਮ ਫਿਲਾਸਫੀ ਨੂੰ ਗੁਰਮਤਿ ਸੱਚ ਅਨੁਸਾਰ ਸੋਧਕੇ ਪੂਰਾ ਕਰੋ। ਆਪਣੇ ਸਵਿਧਾਨ ਵਿਚੋਂ ਕਿਸੇ ਅਸਿਖ ਸਰੂਪ ਇਨਸਾਨ ਲਈ ਵਰਤਿਆ ਹਰਫ ਪਤਿਤ ਕੱਟੋ। ਜਦ ਕਿ ਸਿਖ ਸਰੂਪ ਵਿਚ ਮਹਾਂ ਪਤਿਤ ਆਪਨੂੰ ਸਵਿਕਾਰ ਕਰੋ। ਸਿਖ ਸਰੂਪ ਧਾਰਕੇ ਆਪਣੇ ਹੀ ਧਰਮ ਅਤੇ ਖਾਲਸਾ ਪੰਥ ਕਿਰਦਾਰ ਫਿਲਾਸਫੀ ਨੂੰ, ਸਭ ਗੁਰਮਤਿ ਸੱਚ ਸਾਹਮਣੇ ਹੁੰਦੇ ਹੋਏ, ਬਿਨਾਂ ਦਲੀਲ ਜਬਰੀਂ ਨਾਮ ਜਪਣ, ਉਹ ਵੀ ਬਿਨਾਂ ਅਮਲ, ਤੱਕ ਸੀਮਤ ਕਰਨਾਂ ਅਤੇ ਨਾ ਹਟਣਾਂ, ਖੁਦ ਮਹਾਂ ਪਤਿਤ ਪਾਪੀ ਹੋਣ ਦਾ ਸਬੂਤ ਹੈ।

**'ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ'** ਦਸਤਾਵੇਜ਼ ਜਿਥੇ ਹੁਣ ਤੱਕ ਆਪਣੇ ਆਪਨੂੰ ਪੰਥਕ ਅਖਵਾਉਂਦੇ ਆ ਰਿਹਾ ਨੂੰ ਅਸਲ ਪੰਥਕ ਹੋ ਕੇ ਏਕਤਾ ਕਰਨ ਦੀ ਕਲਜੁਗ ਵਿਚ ਹੋ ਸਕਦੀ ਸਿਖਰ ਅਪੀਲ ਹੈ, ਉਥੇ ਗੁਰੂ ਕਰਤੇ ਇਸ ਦਸਤਾਵੇਜ਼ ਦੁਆਰਾ ਗੁਰੂ ਆਸਰੇ, ਦਸ਼ਮੇਸ਼ ਪਿਤਾ ਵਲੋਂ ਲਿਖੇ ਫਤਹਿ ਦੇ ਖਤ ਜ਼ਫਰਨਾਮੇ ਦੇ ਗੁਰਬਾਣੀ ਗੁਰਮਤਿ ਅਨੁਸਾਰ ਸੰਸਾਰ ਉਤੇ ਅਰਥ ਵੀ ਕਲਮਬੰਦ ਹੋਣੇਂ ਸ਼ੁਰੂ ਹੋਏ ਨੇ। ਜਿਸ ਫਤਹਿ ਦੇ ਖਤ ਜਫਰਨਾਮੇ ਨੂੰ ਸੰਤ ਵੈਰਣ, ਸਤਿਗੁਰ ਕੁਲ ਵੈਰਨ, ਸਤਿਗੁਰ ਦਰ, ਘਰ ਵੈਰਨ ਕਮਜਾਤ ਦੇ ਗੁਲਾਮ ਖਸਮ ਵਲੋਂ ਪੜਦਿਆਂ, ਉਸ ਨੂੰ ਆਪਣੇ ਅਤੀਤ ਪਿਛਲੇ ਜਨਮਾਂ ਦੀ ਸਾਰ ਹੋ ਗਈ ਸੀ। ਸੱਚ ਚੇਤੇ ਆ ਗਿਆ ਸੀ ਕਿ ਉਹ ਆਦਿ ਤੋਂ ਕੌਣ ਹੈ ਅਤੇ ਉਸ ਨਾਲ ਕੀ ਬੀਤੀ ਹੋਈ ਹੈ। ਉਸ ਅੱਗੇ ਗੁਰੂ ਕੁਲ ਨਾਲ ਉਸ ਦਾ ਆਦਿ ਸਚ ਸੰਯੋਗ, ਵਿਛੋੜਾ ਅਤੇ ਵਿਛੋੜਾ ਕਾਰਨ, ਪ੍ਰਕਾਸ਼ਮਾਨ ਹੋ ਗਏ ਸਨ ਅਤੇ ਉਹ ਗੁਰੂ ਨਾਲ ਮਿਲਕੇ ਆਪਣੀ ਆਦਿ ਭੁੱਲ ਨੂੰ ਸੁਧਾਰਕੇ ਹੀ ਸੰਸਾਰ ਤੋਂ ਜਾਣ ਲਈ ਉਤਾਵਲਾ ਹੋ ਗਿਆ ਸੀ। ਅੱਜ ਜਿਨਾਂ ਆਪਣੇ ਆਪਨੂੰ ਸਿਖ ਸਰੂਪ ਦੁਆਰਾ ਗੁਰੂ ਨਾਲ ਜੋੜਿਆ ਹੋਇਆ ਹੈ, ਉਨਾਂ ਅੱਗੇ ਉਨਾਂ ਦੇ ਹੀ ਗੁਰੂ ਦੀ ਲਿਖੀ ਫਤਹਿ ਦੀ ਚਿੱਠੀ ਦੇ ਇਸ਼ਾਰਾ ਅਰਥ ਸਾਹਮਣੇ ਪਏ ਹੋਣ ਦੇ ਬਾਵਯੂਦ ਵੀ ਉਨਾਂ ਨੂੰ ਉਨਾਂ ਦਾ ਆਦਿ ਨਾ ਯਾਦ ਆਉਣਾਂ, ਗੁਰੂ ਵਲੋਂ ਸਬੂਤ ਕੀਤਾ ਹੈ ਕਿ ਗੁਰੂ ਨੇ ਤਾਂ ਸਿਖ ਸਰੂਪ ਵਾਲੇ ਪ੍ਰਾਣੀ ਵਲੋਂ ਗੁਰੂ ਹੁਕਮਾਂ ਦੇ ਉਲਟ, ਜਾਣਕੇ ਕੀਤੀ ਇਕ ਹੀ ਬਿਪਰਨ ਰੀਤ ਬਦਲੇ, ਉਸ ਨਾਲੋਂ ਆਪਣਾਂ ਰਿਸ਼ਤਾ ਨਾਤਾ ਤੋੜਿਆ ਹੋਇਆ ਹੈ। ਜਦ ਕਿ ਗੁਰਸਿਖ ਕਾਫਲੇ ਬਾਹਰਾ, ਹਰ ਸਿਖ ਸਰੂਪ ਇਨਸਾਨ ਤਾਂ ਪੂਰੀ ਹੀ ਪੂਰੀ ਗੁਰੂ ਨੂੰ ਬੇਦਾਵੀਆਂ + ਪਹਾੜੀ ਰਾਜਿਆਂ ਦੀ ਖਾਲਸ ਬਦੀ ਹੀ ਬਦੀ ਗੇਨ ਪਦਾਰਥ ਲੈਸ ਬਿਪਰਨ ਦੀ ਸੰਤਾਨ ਹੈ। ਜੋ ਗੁਰੂ ਵਲੋਂ ਮਰੀ ਐਲਾਨੀ ਹੋਣ ਕਰਕੇ, ਹੁਣ ਮਹਾ ਨਰਕ ਭਾਗੀ ਕੀਤੀ ਹੋਈ ਹੈ। ਜਿਸ ਲਈ ਗੁਰੂ ਕਰਤੇ ਕਾਦਰ ਦੇ ਨਿਆਂ ਕਾਨੂੰਨ ਨੇ, ਅਗਿਅਤ ਸਮੇਂ ਲਈ ਤਪਦੇ ਕੜਾਹੇ ਹੀ ਕੜਾਹੇ ਕੀਤੇ ਹੋਏ ਨੇ, ਜਿਨਾਂ ਨੇ ਇਨਾਂ ਦੇ ਜਿਸਮਾਂ ਚੋਂ ਜਿੰਦ ਨੂੰ ਹਰ ਵਾਰ ਕੱਢਣ ਤੱਕ, ਵੱਧੋ ਵੱਧ ਲੱਗ ਸਕਦੇ ਸਮੇਂ ਨੂੰ ਲੈਣਾਂ, ਕਾਦਰ ਦੇ ਨਿਆਂ ਕਾਨੂੰਨ ਨੇ ਕੁਦਰਤ ਵਿਚ ਹੁਕਮ ਕੀਤਾ ਹੋਇਆ ਹੈ। ਜਿਸ ਕਰਕੇ ਗੁਰੂ ਜੀ ਇਨਾਂ ਉਤੇ, ਸਾਡੇ ਵਲੋਂ ਰੱਖੇ ਸ਼ਬਦ ਵਿਚਾਰ ਦੇ ਸੱਚ ਦਾ ਕੋਈ ਅਸਰ ਨਹੀਂ ਹੋਣ ਦੇ ਰਹੇ।

ਐ ਅਜੇ ਵੀ ਅਸਾਂ ਲਾਲੋਕਿਆਂ ਵਿਚੋਂ ਜਾਣੇ ਵੀਰ ਭਾਈ ਨਰਾਇਣ ਸਿੰਘ ਜੀ, ਇਹ ਕਰਤੇ ਕਾਦਰ ਦਾ ਆਪਣੀ ਕੁਦਰਤ ਵਿਚ ਕੀਤਾ ਸੱਚ, ਗੁਰਸਿਖ ਕਾਫਲੇ ਬਾਹਰੇ, ਸੰਸਾਰ ਦੇ ਹਰ ਸਿਖ ਸਰੂਪ ਇਨਸਾਨ ਲਈ ਅਟੱਲ ਹੈ, ਜਿਸ ਨੂੰ ਨਾ ਉਹ ਆਪਣੀਂ ਕਿਸੇ ਦੁਨਿਆਵੀ ਚੌਧਰ ਅਤੇ ਆਪਣੀ ਦੋਲਤ ਨਾਲ ਹੀ ਬਦਲ ਸਕਦਾ ਹੈ ਅਤੇ ਨਾ ਹੀ ਆਪਣੇ ਤੇ ਲਾਗੂ ਕੁਦਰਤ ਦੁਆਰਾ ਨਿਆਂ ਕਾਨੂੰਨ ਦੇ ਫੈਸਲੇ ਨੂੰ ਆਪਣੇ ਮਗਰ ਲਾਏ ਲੋਕਾਂ ਦੇ ਇਕੱਠਾਂ ਅਤੇ ਕਿਸੇ ਸੰਸਾਰ ਹਕੂਮਤ ਅਤੇ ਅਦਾਲਤ ਦੁਆਰਾ ਹੀ ਬਦਲਾ

ਸਕਦਾ ਹੈ ਜਿਨਾਂ ਦਾ ਭੈਅ ਕਬੂਲ ਕਰਕੇ, ਉਨਾਂ ਦੇ ਮਗਰ, ਉਨਾਂ ਦੀ ਬਿਪਰਨ ਬੋਲੀ ਬੋਲਣ ਲੱਗਾ, ਆਪਣੇ ਹੀ ਪੂਰਨ ਸੱਚੇ ਧਰਮ ਅਤੇ ਕਿਰਦਾਰ ਦੇ ਖਿਲਾਫ਼ ਖੜਾ, ਸ਼ੈਤਾਨ ਦਾ ਅਗਧ ਪੜ ਅਤੇ ਕੁਕਰਮ ਕਮਾ ਰਿਹਾ ਹੈ।
ਕਰਤੇ ਕਾਦਰ ਦਾ ਅਟੱਲ ਫੁਰਮਾਨ ਫੈਸਲਾ ਸੱਚ ਇਹ ਵੀ ਕਿ ਜਮ ਜੂਨਾਂ ਦੇ ਨਰਕ ਦੀ ਹੁਣ ਤੱਕ ਬਰਕਰਾਰ ਗਲ ਫੰਸੀ ਨੂੰ ਕਿਸੇ ਉਸ ਸਿਖ ਸਰੂਪ ਇਨਸਾਨ ਨੇ ਹੀ ਆਪਣੇ ਗਲੋਂ ਕੱਟ ਸਕਣਾਂ ਹੈ ਜਿਸ ਨੇ ਗੁਰੂ ਵਲੋਂ ਮੁੜ ਜੀਵਾਏ ਹੋ, ਗੁਰੂ ਦੀ ਧਰਤ ਅਤੇ ਵਦੇਸ਼ ਸਿਖ ਸੰਘਰਸ਼ ਦੀ ਜ਼ਿਮੇਵਾਰੀ, ਹੋਰ ਤਿਆਰ ਹੋ ਰਹੇ ਗੁਰਸਿਖਾਂ ਨਾਲ ਮਿਲਕੇ ਸੰਭਾਲਣ ਵਾਲੇ ਬਣ, ਰਹਿੰਦੇ ਸਾਹ ਸਿਖੀ ਸਿਦਕ ਦੀ ਅਡੋਲਤਾ ਨਾਲ ਸਤਿਗੁਰ ਦੀ ਸੇਵਾ ਵਿਚ ਲੈਂਦੇ, ਸੰਸਾਰੋਂ ਜਾਣ ਪਹਿਲੋਂ, ਪਵਿਤ੍ਰ ਦਰਵੇਸ਼ ਸਿਖ ਸੂਰਤ ਅਨੁਸਾਰ, ਪਵਿਤ੍ਰ ਕਰਮਾਂ ਦਾ ਭੰਡਾਰ, ਮਨ ਪੱਲੇ ਕਰ ਲਿਆ ਹੈ। ਇਹ ਹੀ ਹੈ ਸਤਿਗੁਰ ਦੀ ਸੇਵਾ ਅੱਜ ਨਾਮ ਜਪਣਾਂ, ਜਿਸ ਨੇ ਹੀ ਕਿਸੇ ਗੁਰਸਿਖ ਨੂੰ ਨਾਮ ਅਤੇ ਉਸ ਦੇ ਜਪ ਹੋਣ ਦੀ ਸਿਖਰ ਅਨਮੋਲ ਗੁਰੂ ਬਖਸ਼ਿਸ਼ ਦੀ ਪ੍ਰਾਪਤੀ ਦੇ ਲਾਇਕ ਕਰ ਸਕਣਾਂ ਹੈ।
ਹਰ ਬਿਪਰਨ ਰੀਤ ਲੱਗ ਲਵੇੜ ਲਾਹ, ਪੂਰਨ ਰੂਪ ਗੁਰੂ ਭਾਇਆ ਸਿਖ ਹੋ, ਸਤਿਗੁਰ ਦੀ ਸੇਵਾ- ਸਤਿਗੁਰ ਤੋਂ ਸਭ ਕੁਰਬਾਨ ਕਰਨਾਂ, ਗੁਰੂ ਗਿਆਨ ਨੇ ਸਾਡਾ ਸਿਖੀ ਜੀਵਨ ਕਰ ਦਿੱਤਾ ਹੈ। ਵੀਰ ਜੀ ਵੇਖਣਾਂ ਕਿ ਕਿਤੇ ਹੁਣ ਵੀ ਆਪਣੇ ਦਰ ਦੇ ਅਤੇ ਘਰ ਦੇ ਅਸਲ ਵਾਰਸਾਂ ਨਾਲ ਤੁਸਾਂ ਦਾ ਮਿਲਣਾਂ ਨਾ ਰਹਿ ਜਾਵੇ। ਗੁਰੂ ਆਸਰੇ ਪਹਿਲਾ ਉਦਮ, ਇਕ ਅਖਬਾਰ ਦੇ ਸੰਪਾਦਕ ਅਤੇ ਮਾਲਕ ਵਜੋਂ ਜ਼ਿਮੇ ਲਿਆ ਨੇਪਰੇ ਚੜੇ। ਗੁਰੂ ਗਿਆਨ ਬਖਸ਼ਿਸ਼, ਅਵਾਜ਼-ਏ-ਖਾਲਸਾ ਹੋਵੇਗੀ ਤਾਂ ਗੁਰੂ ਨੇ ਤੋੜ ਨਿਭਾਈ ਲਈ ਸ਼ੁਭ ਕਰਮਨ - ਕਰਮ ਆਪਣੇ ਤੇਜ ਪ੍ਰਤਾਪ ਆਸਰੇ, ਆਪਣੇ ਗੁਰਸਿਖਾਂ ਲਈ ਸੁਖਾਲੇ ਕਰੀ ਜਾਣੇ ਨੇ।
ਵੀਰ ਜੀ ਮੁਆਫੀ ਚਾਹੁੰਦੇ ਹਾਂ ਜੋ ਗੁਰਸਿਖ ਕਾਫਲੇ ਵਲੋਂ ਬੜੇ ਕਰੜੇ ਮਨ, ਆਪਜੀ ਨੂੰ ਖਤ ਦਾ ਇਹ ਦੂਜਾ ਭਾਗ ਸੰਗਤ ਵਿਚ ਕਰਨ ਦਾ ਫੈਸਲਾ ਲਿਆ ਹੈ। ਇਸ ਆਸ ਉਮੀਦ ਨਾਲ ਕਿ ਸੰਗਤ ਵਿਚੋਂ ਕੋਈ ਹੋਰ ਸਿਖ ਸਰੂਪ ਇਨਸਾਨ, ਜੋ ਹੁਣ ਤੱਕ ਸਿਖ ਧਰਮ ਫਿਲਾਸਫੀ ਅਤੇ ਖਾਲਸਾ ਕਿਰਦਾਰ ਨੂੰ ਆਪਜੀ ਵਾਂਗਰ ਲਿਖਤੀਂ, ਬੋਲੀਂ ਨਾਮ ਜਪਣ ਤੱਕ ਸੀਮਤ ਕਰਨ ਦਾ ਜਾਣੇ ਅਣਜਾਣੇ ਬੱਜਰ ਗੁਨਾਹ ਕਰਦਾ ਆ ਰਿਹਾ ਹੈ, ਉਹ ਵੀ ਇਹ ਆਪਜੀ ਨੂੰ ਖਤ ਪੜਕੇ, ਆਪਣੀ ਭੁੱਲ ਦੇ ਸੁਧਾਰ ਨਾਲ, ਗੁਰੂ ਬਖਸ਼ਿਸ਼ ਸੂਰਾ ਸਿਖ ਹੋ ਨਿਤਰੇ।
ਚੰਗਾ ਜੀ, ਗੁਰੂ ਦੀ ਧਰਤ ਸਮੂਹ ਸਾਥੀ ਭੈਣਾਂ ਵੀਰਾਂ ਅਤੇ ਸੰਗਤ ਨੂੰ:
ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

ਸਿਖ ਸਰੂਪ ਵਿਚ ਅਜੇ ਵੀ ਸੂਰੇ ਸੰਤ ਸਿਖ ਹੋ ਸਕਣੇ ਜਾਣਿਆਂ ਦੇ ਆਪਣੇ, ਆਪਣੀ ਪਰਵਾਰ ਕੁਲ ਦੇ, ਆਪਣੇ ਸਤਿਗੁਰ ਦਰ, ਘਰ ਅਤੇ ਆਪਣੇ ਗੁਰੂ ਪੰਥ ਦੇ ਸੱਚੇ ਉਭਾਰ ਲਈ **'ਹਾਂ ਜੀ ਨਾਲ'** ਦੇ ਲਏ ਫੈਸਲੇ ਦੀ ਇੰਤਜਾਰ ਵਿਚ:

ਗੁਰਸਿਖ ਕਾਫਲਾ
(GR.Singh)
ਇਸ ਵਲੋਂ ਅਤੇ ਹੁਕਮ ਉਤੇ:
ਇਕੋ ਇਕ ਸਤਿਗੁਰੂ ਨਾਨਕ ਦੇ ਦਰ ਦਾ
ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ
**(i.o)** Adress: N. Kamal-Fehrenbach orf Bidhi Singh Babbar
Schöne Aussicht 74a, 65760 Eschborn, Germany (07.05.2010)
Tel: 06173 67103, Fax: 06173 640321, eMail : ef-nk@t-online.de, www.gursikhkafla.de